ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 132
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 14 May, 2026) ਵੀਰਵਾਰ, 14 ਮਈ, 2026, 31 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਪੰਜਾਬ ਦੇ ਮੁੱਖ ਮੰਤਰੀ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਚੰਡੀਗੜ੍ਹ , 13 ਮਈ (ਚ.ਨ.ਸ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇੰਨਾ ਹੀ ਨਹੀਂ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਤੇ ਭਾਜਪਾ ਦੇ ਦਿੱਲੀ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵੀ ਦਿੱਤੀ ਗਈ ਸੀ। ਇਹ ਧਮਕੀ ਈਮੇਲ ਰਾਹੀਂ ਆਈ ਹੈ, ਧਮਕੀ ਤੋਂ ਬਾਅਦ ਸੁਰੱਖਿਆ ਏਜੰਸੀਆਂ ਸਰਗਰਮ ਹੋ ਗਈਆਂ। ਪੂਰੀ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਸੁਰੱਖਿਆ ਏਜੰਸੀਆਂ ਈ-ਮੇਲ ਦੇ ਸਰੋਤਾਂ ਬਾਰੇ ਵੀ ਜਾਂਚ ਕਰ ਰਹੀਆਂ ਹਨ।

ਵਿਸ਼ੇਸ਼ ਮਹਿਮਾਨ ਸੰਪਾਦਕੀ

ਜਾਗੋ ਪੰਜਾਬ-ਅਜੇ ਵੀ ਵੇਲਾ ਹੈ

ਪੰਜਾਬ ਦੀ ਚੁੱਪ ਬੌਧਿਕਤਾ, ਗੈਂਗਸਟਰ ਮਨੋਵਿਗਿਆਨ ਅਤੇ ਖਾਲੀ ਸੱਥਾਂ ਦਾ ਦਰਦ ਹੈ

ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

==========

ਅੱਜ ਪੰਜਾਬ ਦੀ ਧਰਤੀ ਦੀ ਤ੍ਰਾਸਦੀ ਦਾ ਚਿਹਰਾ ਇਹ ਹੈ ਕਿ ਪੰਜਾਬ ਦੀ ਸਿਵਲ ਸੋਸਾਇਟੀ ਤੇ ਲੋਕ ਖ਼ਤਰਨਾਕ ਚੁੱਪ ਧਾਰਨ ਕੀਤੇ ਹੋਏ ਹਨ ਅਤੇ ਵੋਟਾਂ ਦੀ ਸ਼ਤਰੰਜ ਤੇ ਰਾਜਨੀਤੀ ਵਿੱਚ ਰਾਜਨੀਤਿਕ ਪਾਰਟੀਆ ਬਿਨਾਂ ਕਿਸੇ ਨੈਰੇਟਿਵ ਦੇ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡਾ ਵੋਟ ਬੈਂਕ ਸਮਝਣ ਲੱਗੇ ਹਨ। ਹੁਣ ਜਾਤੀਗਤ ਡੇਰਿਆਂ ਵਿੱਚ ਵੰਡਣ ਤੋਂ ਬਾਅਦ ਪੰਜਾਬ ਦੀ ਸੱਭਿਆਚਾਰਕ ਸਾਂਝੀਵਾਲਤਾ ਦੀ ਪ੍ਰਤੀਕ ਗੁਰੂਆਂ ਦੀ ਵਰਸਾਈ ਇਸ ਧਰਤੀ, ਪੰਜਾਬ ਨੂੰ ਰਾਜਨੀਤਿਕ ਸ਼ਤਰੰਜ ਦੀ ਚਾਲ ਵਿੱਚ ਉਲਝਾਇਆ ਗਿਆ ਹੈ ਤੇ ਇਹ ਸਭ ਤੋਂ ਵੱਡਾ ਖ਼ਤਰਨਾਕ ਖੇਲ ਹੈ।

ਉਰਦੂ ਦੇ ਮਹਾਨ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਨੇ ਲਿਖਿਆ ਸੀ-
ਨਿਸਾਰ ਮੈ ਤੇਰੀ ਗਲੀਓ ਪੇ ਏ ਵਤਨ ਕਿ ਜਹਾਂ
ਚਲੀ ਹੈ ਰਸਮ ਕਿ ਕੋਈ ਨ ਸਰ ਉਠਾ ਕੇ ਚਲੇ।

ਅੱਜ ਇਹ ਪੰਕਤੀਆਂ ਪੰਜਾਬ ਦੀ ਰੂਹ 'ਤੇ ਵੀ ਲਾਗੂ ਹੁੰਦੀਆਂ ਦਿਖਾਈ ਦਿੰਦੀਆਂ ਹਨ। ਇੱਥੇ ਵੀ ਹੁਣ ਬਹੁਤ ਲੋਕ ਸਿਰ ਝੁਕਾ ਕੇ ਜੀ ਰਹੇ ਹਨ। ਅੱਜ ਸਵਾਲ ਪੁੱਛਣਾ ਖ਼ਤਰਨਾਕ ਬਣਦਾ ਜਾ ਰਿਹਾ ਹੈ ਅਤੇ ਚੁੱਪ ਰਹਿਣਾ ਸਿਆਣਪ ਸਮਝਿਆ ਜਾਣ ਲੱਗ ਪਿਆ ਹੈ।

ਸਾਨੂੰ ਯਾਦ ਰੱਖਣਾ ਹੋਵੇਗਾ ਕਿ ਪੰਜਾਬ ਅੱਜ ਸਿਰਫ਼ ਇੱਕ ਭੂਗੋਲਿਕ ਸੂਬਾ ਨਹੀਂ, ਇੱਕ ਡੂੰਘੀ ਮਾਨਸਿਕ ਪੀੜ ਦਾ ਨਾਮ ਬਣਦਾ ਜਾ ਰਿਹਾ ਹੈ। ਇਹ ਉਹ ਧਰਤੀ ਹੈ ਜਿਸ ਨੇ ਕਦੇ ਮਨੁੱਖਤਾ ਨੂੰ ਸਰਬੱਤ ਦਾ ਭਲਾ ਸਿਖਾਇਆ ਸੀ, ਜਿਸ ਨੇ ਅੰਨ ਦਾਤਾ ਬਣ ਕੇ ਦੇਸ਼ ਦੀ ਭੁੱਖ ਮਿਟਾਈ ਸੀ, ਜਿਸ ਨੇ ਆਪਣੇ ਪੁੱਤਰਾਂ ਨੂੰ ਸਰਹੱਦਾਂ ਅਤੇ ਫਾਂਸੀਆਂ 'ਤੇ ਹੱਸਦੇ ਹੋਏ ਕੁਰਬਾਨ ਕੀਤਾ ਸੀ ਪਰ ਅੱਜ ਉਹੀ ਪੰਜਾਬ ਆਪਣੇ ਅੰਦਰੋਂ ਹੌਲੀ-ਹੌਲੀ ਖਾਲੀ ਹੋ ਰਿਹਾ ਹੈ।

ਅੱਜ ਪੰਜਾਬ ਦੇ ਖੇਤ ਉਦਾਸ ਹਨ, ਕਿਸਾਨ ਟੁੱਟਿਆ ਹੋਇਆ ਹੈ। ਘਰ ਹਨ ਤੇ ਜਵਾਨੀ ਵਿਦੇਸ਼ਾਂ ਦੀਆਂ ਉਡਾਣਾਂ ਵਿੱਚ ਗੁੰਮ ਹੋ ਰਹੀ ਹੈ। ਗੀਤ ਹਨ, ਪਰ ਉਹਨਾਂ ਵਿੱਚ ਦਰਦ ਨਾਲੋਂ ਵੱਧ ਦਹਿਸ਼ਤ ਅਤੇ ਹਥਿਆਰਾਂ ਦੀ ਚਮਕ ਹੈ। ਅਤੇ ਸਭ ਤੋਂ ਵੱਡੀ ਤ੍ਰਾਸਦੀ ਕਿ ਪੰਜਾਬ ਦਾ ਬੌਧਿਕ ਵਰਗ ਚੁੱਪ ਹੈ।

ਹਾਲੇ ਵੀ ਵੇਲਾ ਹੈ ,ਜਾਗੋ, ਨਹੀਂ ਤਾਂ ਇਤਿਹਾਸ ਲਿਖੇਗਾ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਕੋਲ ਸਭ ਕੁਝ ਸੀ — ਧਰਤੀ ਵੀ, ਜਵਾਨੀ ਵੀ, ਬੁੱਧੀ ਵੀ — ਪਰ ਉਹ ਆਪਣੀ ਹੀ ਚੁੱਪ ਵਿੱਚ ਹਾਰ ਗਿਆ।ਫਰਾਂਸੀਸੀ ਚਿੰਤਕ Voltaire ਨੇ ਕਿਹਾ ਸੀ- "Those who can make you believe absurdities can make you commit atrocities."

ਕਿ ਜਦੋਂ ਸਮਾਜ ਸੋਚਣਾ ਛੱਡ ਦਿੰਦਾ ਹੈ, ਉਦੋਂ ਉਹ ਹਰ ਤਰ੍ਹਾਂ ਦੇ ਝੂਠ ਅਤੇ ਉਤੇਜਨਾ ਦਾ ਸ਼ਿਕਾਰ ਬਣ ਜਾਂਦਾ ਹੈ। ਪੰਜਾਬ ਵਿੱਚ ਵੀ ਇਹੀ ਹੋ ਰਿਹਾ ਹੈ। ਅਸਲੀ ਮੁੱਦੇ ਪਿੱਛੇ ਧੱਕੇ ਜਾ ਰਹੇ ਹਨ ਅਤੇ ਲੋਕਾਂ ਦਾ ਧਿਆਨ ਵਿਵਾਦਾਂ ਅਤੇ ਸੈਲੀਬ੍ਰਿਟੀ ਤਮਾਸ਼ਿਆਂ ਵੱਲ ਮੋੜਿਆ ਜਾ ਰਿਹਾ ਹੈ।

ਅੱਜ ਇਹ ਚੁੱਪ ਸਧਾਰਨ ਨਹੀਂ। ਇਹ ਖ਼ਤਰਨਾਕ ਹੈ।

ਕਿਸੇ ਵੀ ਸਮਾਜ ਦਾ ਪਤਨ ਉਸ ਵੇਲੇ ਸ਼ੁਰੂ ਨਹੀਂ ਹੁੰਦਾ ਜਦੋਂ ਉਸਦੀ ਅਰਥਵਿਵਸਥਾ ਕਮਜ਼ੋਰ ਹੋਵੇ; ਪਤਨ ਉਸ ਵੇਲੇ ਸ਼ੁਰੂ ਹੁੰਦਾ ਹੈ ਜਦੋਂ ਉਸਦੇ ਚਿੰਤਕ, ਲੇਖਕ, ਅਧਿਆਪਕ, ਪੱਤਰਕਾਰ ਅਤੇ (ਬਾਕੀ ਸਫਾ 2 'ਤੇ)

ਨੀਟ ਪੇਪਰ ਲੀਕ ਹੋਣਾ ਕੇਂਦਰ ਦੀ ਨਾਕਾਮੀ ਅਤੇ ਵਿਦਿਆਰਥੀਆਂ ਨਾਲ ਧੋਖਾਧੜੀ: ਮਾਨ

'ਸੂਬੇ 'ਚ 'ਰੰਗਲਾ ਪੰਜਾਬ ਤੇ ਲੋਕ ਪੱਖੀ ਸ਼ਾਸਨ' ਹੀ 'ਆਪ' ਦਾ ਚੋਣ ਮੁੱਦਾ ਹੋਵੇਗਾ'

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 13 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨੀਟ ਪੇਪਰ ਲੀਕ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਇਸ ਨੂੰ ਲੱਖਾਂ ਵਿਦਿਆਰਥੀਆਂ ਨਾਲ ਵਿਸ਼ਵਾਸਘਾਤ ਦੱਸਿਆ ਜਿਨ੍ਹਾਂ ਦੇ ਸੁਪਨੇ ਪ੍ਰੀਖਿਆ ਪ੍ਰਣਾਲੀ ਵਿੱਚ ਵਾਰ-ਵਾਰ ਅਸਫਲਤਾਵਾਂ ਕਾਰਨ ਚੂਰ-ਚੂਰ ਹੋ ਗਏ ਹਨ। ਕਈ ਮੁੱਦਿਆਂ 'ਤੇ ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਵੱਲੋਂ ਭਾਜਪਾ ਦੇ ਇਸ਼ਾਰੇ 'ਤੇ ਰਾਜਨੀਤੀ ਵਿੱਚ ਆਉਣ ਤੋਂ ਇਨਕਾਰ ਕਰਨ ਤੋਂ ਬਾਅਦ, ਉਨ੍ਹਾਂ ਵਿਰੁੱਧ ਡਰਾਉਣ-ਧਮਕਾਉਣ ਦੀ ਮੁਹਿੰਮ ਵਿੱਢੀ ਗਈ ਹੈ। ਪੰਜਾਬ ਚੋਣਾਂ ਤੋਂ ਪਹਿਲਾਂ ਲੋਕ ਪੱਖੀ ਸ਼ਾਸਨ ਅਤੇ ਭਲਾਈ ਨੂੰ 'ਆਪ' ਦੇ ਕੇਂਦਰੀ ਚੋਣ ਮੁੱਦੇ ਵਜੋਂ ਪੇਸ਼ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ 'ਰੰਗਲਾ ਪੰਜਾਬ' ਦੇ ਮੁੱਦੇ 'ਤੇ ਨਵੇਂ ਸਿਰੇ ਤੋਂ ਫਤਵਾ ਮੰਗੇਗੀ, ਜਿਸ ਵਿੱਚ (ਬਾਕੀ ਸਫਾ 2 'ਤੇ)

ਕਿਸਾਨਾਂ ਦੀ ਲੱਗ ਗਈ ਲਾਟਰੀ

ਕੇਂਦਰ ਵੱਲੋਂ ਸਾਉਣੀ ਦੀਆਂ 14 ਫ਼ਸਲਾਂ ਦੀ ਐਮ.ਐਸ.ਪੀ. 'ਚ ਵਾਧਾ

ਝੋਨੇ ਦਾ ਭਾਅ 72 ਰੁ. ਵਧਿਆ, ਤੇਲਬੀਜਾਂ ਅਤੇ ਦਾਲਾਂ 'ਤੇ ਵਿਸ਼ੇਸ਼ ਜ਼ੋਰ, ਨਰਮੇ ਦੇ ਭਾਅ 'ਚ 557 ਰੁ. ਅਤੇ ਮੱਕੀ ਦੇ ਭਾਅ 'ਚ 10 ਰੁ. ਦਾ ਵਾਧਾ

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 13 ਮਈ :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ (ਸੀ.ਸੀ.ਈ.ਏ.) ਨੇ ਅੱਜ ਮਾਰਕੀਟਿੰਗ ਸੀਜ਼ਨ 2026-27 ਲਈ 14 ਖਰੀਫ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਸਰਕਾਰ ਦਾ ਇਹ ਫੈਸਲਾ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਲਾਹੇਵੰਦ ਮੁੱਲ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ ਦੇ ਮੁਕਾਬਲੇ ਸਭ ਤੋਂ ਵੱਧ ਵਾਧਾ ਸੂਰਜਮੁਖੀ ਦੇ ਬੀਜਾਂ 'ਚ ਕੀਤਾ ਗਿਆ ਹੈ, ਜਿਸ ਦਾ ਮੁੱਲ 622 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਕਪਾਹ 'ਚ 557 ਰੁਪਏ, ਨਾਈਜਰਸੀਡ 'ਚ 515 ਰੁਪਏ ਅਤੇ ਤਿਲਾਂ 'ਚ 500 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਝੋਨੇ ਦਾ ਨਵਾਂ ਐਮ.ਐਸ.ਪੀ. 2441 ਰੁਪਏ ਅਤੇ ਗ੍ਰੇਡ-ਏ ਦਾ 2461 ਰੁਪਏ ਤੈਅ ਕੀਤਾ ਗਿਆ ਹੈ। ਇਹ ਵਾਧਾ ਕੇਂਦਰੀ ਬਜਟ 2018-19 ਦੇ ਉਸ ਐਲਾਨ ਦੇ ਅਨੁਸਾਰ ਹੈ, ਜਿਸ 'ਚ ਐਮ.ਐਸ.ਪੀ. ਨੂੰ ਉਤਪਾਦਨ ਦੀ ਔਸਤ ਲਾਗਤ ਦੇ ਘੱਟੋ-ਘੱਟ 1.5 ਗੁਣਾ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਇਸ ਨਵੇਂ ਵਾਧੇ ਨਾਲ ਕਿਸਾਨਾਂ ਨੂੰ ਸਭ ਤੋਂ ਵੱਧ ਮੁਨਾਫਾ ਮੂੰਗੀ (61%), ਬਾਜਰਾ (56%), (ਬਾਕੀ ਸਫਾ 2 'ਤੇ)

ਮੋਦੀ ਵੱਲੋਂ ਮੰਤਰੀਆਂ ਨੂੰ ਪੈਟਰੋਲ ਸਮੇਤ ਸਾਰੇ ਬੇਲੋੜੇ ਖ਼ਰਚਿਆਂ 'ਚ ਕਟੌਤੀ ਦੀ ਅਪੀਲ

ਨਵੀਂ ਦਿੱਲੀ, 13 ਮਈ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਤਾ ਨੂੰ ਤੇਲ ਦੀ ਵਰਤੋਂ ਘਟਾਉਣ, ਸੋਨੇ ਦੀ ਖਰੀਦ ਤੋਂ ਬਚਣ ਅਤੇ ਦਰਾਮਦ ਸਾਮਾਨ ਦਾ ਖਰਚਾ ਘੱਟ ਕਰਨ ਦੀ ਅਪੀਲ ਤੋਂ ਬਾਅਦ ਬੁੱਧਵਾਰ ਨੂੰ ਆਪਣੇ ਕੈਬਨਿਟ ਮੰਤਰੀਆਂ ਨੂੰ ਵੀ ਪੈਟਰੋਲ ਸਮੇਤ ਸਾਰੇ ਬੇਲੋੜੇ ਖਰਚਿਆਂ ਵਿੱਚ ਕਟੌਤੀ ਕਰਨ ਦੀ ਅਪੀਲ ਕੀਤੀ ਹੈ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਨ੍ਹਾਂ ਨੇ (ਬਾਕੀ ਸਫਾ 2 'ਤੇ)

ਚਾਰ ਆਈ.ਏ.ਐਸ. ਅਧਿਕਾਰੀ ਤਬਦੀਲ

ਚੰਡੀਗੜ੍ਹ, 13 ਮਈ (ਚ.ਨ.ਸ.):ਪੰਜਾਬ ਵਿੱਚ ਸਥਾਨਕ ਚੋਣਾਂ ਨੂੰ ਲੈ ਕੇ ਲੱਗੇ ਚੋਣ ਜ਼ਾਬਤਾ ਦੇ ਬਾਵਜੂਦ ਪੰਜਾਬ ਸਰਕਾਰ ਨੇ ਅੱਜ ਚਾਰ ਆਈ.ਏ.ਐਸ. ਅਫਸਰਾਂ ਦੇ ਤਬਾਦਲੇ ਕਰ ਦਿੱਤੇ ਹਨ। ਸੂਬਾ ਸਰਕਾਰ ਵੱਲੋਂ ਜਾਰੀ ਆਦੇਸ਼ ਅਨੁਸਾਰ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਰਾਮਵੀਰ ਨੂੰ ਡਿਵੀਜ਼ਨਲ ਕਮਿਸ਼ਨਰ ਜਲੰਧਰ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸਕੱਤਰ ਦਾ ਚਾਰਜ ਦਿੱਤਾ ਗਿਆ ਹੈ। ਆਈ.ਏ.ਐਸ. ਅਧਿਕਾਰੀ ਘਨਸ਼ਿਆਮ ਥੋਰੀ ਨੂੰ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਤੇ ਨੈਸ਼ਨਲ ਸਿਹਤ ਮਿਸ਼ਨ ਪੰਜਾਬ ਦਾ ਮਿਸ਼ਨ (ਬਾਕੀ ਸਫਾ 2 'ਤੇ)

ਮਾਨ ਵੱਲੋਂ ਕੇਂਦਰੀ ਮੰਤਰੀਆਂ ਚੌਹਾਨ ਅਤੇ ਗਡਕਰੀ ਨਾਲ ਮੁਲਕਾਤ

ਕੇਂਦਰ ਅਤੇ ਪੰਜਾਬ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਮਿਲ ਕੇ ਕਰਨਗੇ ਕੰਮ: ਮਾਨ

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 13 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਕੀਤੀ ਅਤੇ ਅਗਾਮੀ ਸਾਉਣੀ ਸੀਜ਼ਨ ਦੌਰਾਨ ਪੰਜਾਬ ਵਿੱਚ ਸੁਚਾਰੂ ਖਰੀਦ ਅਤੇ ਲਿਫਟਿੰਗ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਝੋਨੇ ਦੇ ਕੁਝ ਹਾਈਬ੍ਰਿਡ ਬੀਜਾਂ ਦੇ ਨੋਟੀਫਿਕੇਸ਼ਨ ਰੱਦ ਕਰਨ ਲਈ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਅਤੇ ਨਾਲ ਹੀ ਕੇਂਦਰ ਅੱਗੇ ਸੂਬੇ ਦੇ ਕਿਸਾਨਾਂ ਨਾਲ ਸਬੰਧਤ ਕਈ ਅਹਿਮ ਮੁੱਦੇ ਉਠਾਏ। ਦਿੱਲੀ ਵਿੱਚ ਹੋਈ ਅਹਿਮ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਿਰਵਿਘਨ ਖਾਦ ਸਪਲਾਈ ਅਤੇ (ਬਾਕੀ ਸਫਾ 2 'ਤੇ)

'ਪੰਜਾਬ 'ਚ ਫਲਾਈਓਵਰਾਂ ਦੇ ਰੁਕੇ ਕੰਮ ਜਲਦ ਹੀ ਮੁਕੰਮਲ ਕੀਤੇ ਜਾਣਗੇ'

ਚੜ੍ਹਦੀਕਲਾ ਬਿਊਰੋ

==========

ਨਵੀਂ ਦਿੱਲੀ, 13 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਮੀਟਿੰਗ ਉਪਰੰਤ ਕੇਂਦਰ ਨੇ ਪੰਜਾਬ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਹਾਈਵੇਅ ਅਤੇ ਫਲਾਈਓਵਰ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਭਰੋਸਾ ਦਿੱਤਾ, ਜਿਸ ਨਾਲ ਮੁੱਖ, ਆਦਮਪੁਰ ਅਤੇ ਭਵਾਨੀਗੜ੍ਹ ਵਿਖੇ ਰੁਕੇ ਹੋਏ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਵਿੱਚ ਤੇਜ਼ੀ ਆਵੇਗੀ ਅਤੇ ਸੂਬੇ ਭਰ ਦੇ ਮੁੱਖ ਸੜਕੀ ਮਾਰਗਾਂ ਦੇ ਵੱਡੇ ਪੱਧਰ 'ਤੇ ਵਿਸਥਾਰ ਅਤੇ ਚੌੜਾ-ਮਾਰਗੀ ਹੋਣ ਦੀ ਸੰਭਾਵਨਾ ਹੈ। ਮੀਟਿੰਗ (ਬਾਕੀ ਸਫਾ 2 'ਤੇ)

ਸੁਰਜੀਤ ਸਿੰਘ ਰੱਖੜਾ ਹੋਣਗੇ 'ਆਪ' ਵਿੱਚ ਸ਼ਾਮਿਲ !

ਪਟਿਆਲਾ, 13 ਮਈ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ 'ਪੁਨਰ ਸੁਰਜੀਤ' ਦੇ ਸੀਨੀਅਰ ਆਗੂ ਤੇ ਮੋਢੀ ਸਰਦਾਰ ਸੁਰਜੀਤ ਸਿੰਘ ਰੱਖੜਾ ਹੁਣ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਣ ਦੀ ਤਿਆਰੀ ਵਿੱਚ ਹਨ। ਦੱਸਿਆ ਜਾ ਰਿਹਾ ਕਿ ਉਹ ਆਪਣੇ ਪਿਤਰੀ ਹਲਕੇ ਵਿਧਾਨ ਸਭਾ ਹਲਕਾ ਸਮਾਣਾ ਤੋਂ ਹੀ ਆਪ ਦੀ ਤਰਫੋਂ ਚੋਣ ਲੜਨ ਦੇ ਰੌਅ ਦੇ ਵਿੱਚ ਹਨ। ਸੂਤਰਾਂ ਮੁਤਾਬਿਕ ਇਸ ਮੁੱਦੇ 'ਤੇ ਰੱਖੜਾ ਪਰਿਵਾਰ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਅੰਦਰੂਨੀ (ਬਾਕੀ ਸਫਾ 2 'ਤੇ)

ਸੌਂਦ ਨੇ ਪਟਿਆਲਾ ਵਿਖੇ ਬਿਜਲੀ ਮੰਤਰੀ ਵਜੋਂ ਅਹੁਦਾ ਸੰਭਾਲਿਆ

ਪਟਿਆਲਾ, 13 ਮਈ (ਰੁਪਾਣਾ): ਪੰਜਾਬ ਦੇ ਕੈਬਨਿਟ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ (ਪੀਐਸਪੀਸੀਐਲ) ਦੇ ਪਟਿਆਲਾ ਸਥਿਤ ਮੁੱਖ ਦਫ਼ਤਰ ਵਿਖੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਮੌਜੂਦਗੀ ਵਿੱਚ ਬਿਜਲੀ ਮੰਤਰੀ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲਿਆ। ਇਸ ਤੋਂ ਪਹਿਲਾਂ ਉਨ੍ਹਾਂ ਦੇ ਪੋਰਟਫੋਲਿਓ ਵਿੱਚ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਸ਼ਾਮਲ ਹਨ।ਅਹੁਦਾ ਸੰਭਾਲਣ ਉਪਰੰਤ ਬਿਜਲੀ ਮੰਤਰੀ ਨੇ ਬਿਜਲੀ ਵਿਭਾਗ ਅਤੇ ਪੀਐਸਪੀਸੀਐਲ ਦੇ ਸੀਨੀਅਰ ਅਧਿਕਾਰੀਆਂ ਨਾਲ ਉ

ਜਾਗੋ ਪੰਜਾਬ-ਅਜੇ ਵੀ ਵੇਲ਼ਾ ਹੈ

ਸਿਵਿਲ ਸੁਸਾਇਟੀ ਸੱਚ ਬੋਲਣਾ ਛੱਡ ਦੇਣ। ਅੱਜ ਪੰਜਾਬ ਵਿੱਚ ਇਹੀ ਹੋ ਰਿਹਾ ਹੈ। ਬਹੁਤ ਸਾਰੇ ਲੋਕ ਸੱਚ ਜਾਣਦੇ ਹਨ, ਪਰ ਬੋਲਦੇ ਨਹੀਂ। ਕੁਝ ਡਰਦੇ ਹਨ, ਕੁਝ ਧੜਿਆਂ ਵਿੱਚ ਵੰਡੇ ਹੋਏ ਹਨ ਅਤੇ ਕੁਝ ਨੇ ਆਪਣੇ ਅੰਦਰ ਦੀ ਅੱਗ ਹੀ ਬੁਝਾ ਲਈ ਹੈ।

ਅੱਜ ਪੰਜਾਬ ਦੀ ਜ਼ਮੀਨ ਕੰਡੇੜੀ ਹੋ ਰਹੀ ਹੈ। ਕਦੇ ਪੰਜਾਬ ਦੀ ਜ਼ਰਖ਼ੇਜ਼ ਮਿੱਟੀ ਨੂੰ ਸੋਨਾ ਕਿਹਾ ਜਾਂਦਾ ਸੀ, ਪਰ ਅੱਜ ਉਹੀ ਮਿੱਟੀ ਜ਼ਹਿਰ ਨਿਗਲ ਰਹੀ ਹੈ। ਹੁਣ ਖੇਤੀ ਘਾਟੇ ਦਾ ਸੌਦਾ ਬਣ ਰਹੀ ਹੈ। ਕਿਸਾਨ ਕਰਜ਼ਿਆਂ ਵਿੱਚ ਡੁੱਬਿਆ ਹੋਇਆ ਹੈ। ਅੱਜ ਸਭ ਤੋਂ ਦੁੱਖਦਾਈ ਗੱਲ ਇਹ ਹੈ ਕਿ ਕਿਸਾਨ ਦਾ ਦਰਦ ਹੁਣ ਖ਼ਬਰ ਨਹੀਂ ਰਿਹਾ। ਉਹ ਸਿਰਫ਼ ਅੰਕੜਾ ਬਣ ਗਿਆ ਹੈ। ਕੋਈ ਕਿਸਾਨ ਖੁਦਕੁਸ਼ੀ ਕਰ ਲਵੇ ਤਾਂ ਇੱਕ ਦਿਨ ਚਰਚਾ ਹੁੰਦੀ ਹੈ, ਫਿਰ ਸਭ ਕੁੱਝ ਆਮ ਹੋ ਜਾਂਦਾ ਹੈ, ਜਿਵੇਂ ਸਮਾਜ ਨੇ ਇਸ ਦਰਦ ਨਾਲ ਸਮਝੌਤਾ ਕਰ ਲਿਆ ਹੋਵੇ।

ਗੁਰਬਾਣੀ ਮਨੁੱਖ ਨੂੰ ਮਿੱਟੀ ਨਾਲ ਜੁੜਨ ਦਾ ਸਬਕ ਦਿੰਦੀ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਪਰ ਅਸੀਂ ਆਪਣੀ ਧਰਤੀ ਨੂੰ ਮਾਂ ਨਹੀਂ, ਸਿਰਫ਼ ਉਤਪਾਦਨ ਦੀ ਮਸ਼ੀਨ ਸਮਝ ਲਿਆ। ਅੱਜ ਉਸਦਾ ਨਤੀਜਾ ਸਾਡੇ ਸਾਹਮਣੇ ਹੈ। ਜ਼ਮੀਨ ਥੱਕ ਗਈ ਹੈ, ਪਾਣੀ ਕੌੜਾ ਹੋ ਗਿਆ ਹੈ ਅਤੇ ਕਿਸਾਨ ਦੇ ਚਿਹਰੇ ਦੀ ਰੌਣਕ ਗਾਇਬ ਹੋ ਰਹੀ ਹੈ।

ਪੰਜਾਬ ਦਾ ਦੂਜਾ ਸਭ ਤੋਂ ਵੱਡਾ ਦਰਦ ਉਸਦੀ ਖਾਲੀ ਹੋ ਰਹੀ ਜਵਾਨੀ ਹੈ। ਮਾਪੇ ਜ਼ਮੀਨ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ, ਕਿਉਂਕਿ ਉਹਨਾਂ ਨੂੰ ਪੰਜਾਬ ਵਿੱਚ ਆਸ ਨਹੀਂ ਦਿਖਦੀ।

ਅੱਜ ਇਹ ਸਿਰਫ਼ ਮਾਈਗ੍ਰੇਸ਼ਨ ਨਹੀਂ, ਇਹ ਇੱਕ ਸਮਾਜਕ ਵਿਸਥਾਪਨ ਹੈ। ਇਹ ਆਪਣੀ ਮਿੱਟੀ ਤੋਂ ਮਨੁੱਖ ਦਾ ਟੁੱਟਣਾ ਹੈ।

ਅੱਜ ਲੱਗਦਾ ਹੈ ਪੰਜਾਬ ਦੀ ਜਵਾਨੀ ਵੀ ਗੁੰਮ ਹੋ ਰਹੀ ਹੈ। ਪਿੰਡਾਂ ਦੇ ਖੇਤਾਂ ਵਿੱਚ ਹੁਣ ਟਰੈਕਟਰਾਂ ਦੀ ਆਵਾਜ਼ ਨਾਲੋਂ ਵੱਧ ਏਅਰਪੋਰਟਾਂ ਦੀਆਂ ਗੱਲਾਂ ਸੁਣਾਈ ਦਿੰਦੀਆਂ ਹਨ।

ਯਾਦ ਰਹੇ ਕਿ ਜਿਸ ਧਰਤੀ ਦੀ ਜਵਾਨੀ ਆਪਣੇ ਹੀ ਭਵਿੱਖ 'ਤੇ ਭਰੋਸਾ ਖੋ ਦੇਵੇ, ਉਹ ਧਰਤੀ ਸਿਰਫ਼ ਆਰਥਿਕ ਨਹੀਂ, ਆਤਮਿਕ ਸੰਕਟ ਵਿੱਚ ਵੀ ਹੁੰਦੀ ਹੈ। ਅੱਜ ਗੈਂਗਸਟਰ ਮਨੋਵਿਗਿਆਨ — ਇੱਕ ਖ਼ਤਰਨਾਕ ਸਮਾਜਕ ਬਿਮਾਰੀ ਬਣ ਗਿਆ ਹੈ। ਅੱਜ ਪੰਜਾਬ ਦਾ ਇੱਕ ਡਰਾਉਣਾ ਸੱਚ ਇਹ ਵੀ ਹੈ ਕਿ ਗੈਂਗਸਟਰਵਾਦ ਸਿਰਫ਼ ਜੁਰਮ ਨਹੀਂ ਰਹਿ ਗਿਆ, ਇਹ ਇੱਕ ਮਨੋਵਿਗਿਆਨ ਬਣਦਾ ਜਾ ਰਿਹਾ ਹੈ। ਹਥਿਆਰਾਂ ਦਾ ਗਲੈਮਰ, ਦਹਿਸ਼ਤ ਦੀ ਭਾਸ਼ਾ, ਗੀਤਾਂ ਵਿੱਚ ਹਿੰਸਾ ਅਤੇ ਸੋਸ਼ਲ ਮੀਡੀਆ 'ਤੇ ਡਰ ਦਾ ਪ੍ਰਦਰਸ਼ਨ — ਇਹ ਸਭ ਮਿਲ ਕੇ ਨੌਜਵਾਨ ਮਨਾਂ ਨੂੰ ਪ੍ਰਭਾਵਿਤ ਕਰ ਰਹੇ ਹਨ।

ਅੱਜ ਦੁਖਾਂਤ ਇਹ ਹੈ ਕਿ ਪੰਜਾਬ ਦਾ ਨੌਜਵਾਨ ਜੋ ਕਿਤਾਬਾਂ ਅਤੇ ਕ੍ਰਾਂਤੀਕਾਰੀਆਂ ਤੋਂ ਪ੍ਰਭਾਵਿਤ ਹੁੰਦਾ ਸੀ। ਅੱਜ ਉਹ ਸੋਸ਼ਲ ਮੀਡੀਆ ਵਾਲੇ ਡਰਾਉਣੇ ਚਿਹਰਿਆਂ ਨੂੰ ਹੀਰੋ ਸਮਝਣ ਲੱਗ ਪਏ ਹਨ। ਇਹ ਸਿਰਫ਼ ਕਾਨੂੰਨ-ਵਿਵਸਥਾ ਦੀ ਨਾਕਾਮੀ ਨਹੀਂ, ਇਹ ਸਮਾਜਕ ਅਤੇ ਬੌਧਿਕ ਅਸਫਲਤਾ ਹੈ ਜਦੋਂ ਸਮਾਜ ਆਪਣੇ ਅਸਲੀ ਨਾਇਕ ਭੁੱਲ ਜਾਂਦਾ ਹੈ, ਤਦੋਂ ਝੂਠੇ ਨਾਇਕ ਜਨਮ ਲੈਂਦੇ ਹਨ।

ਅੱਜ ਪੰਜਾਬ ਦੇ ਹਾਲਾਤ ਵੇਖ ਕੇ ਲੱਗਦਾ ਹੈ ਕਿ ਖੇਤ ਤਾਂ ਬਚੇ ਹਨ, ਪਰ ਖੇਤਾਂ ਦੀ ਰੂਹ ਮਰ ਰਹੀ ਹੈ। ਜਦੋਂ ਨੌਜਵਾਨ ਨੂੰ ਇੱਜ਼ਤ ਵਾਲੀ ਜ਼ਿੰਦਗੀ ਨਹੀਂ ਮਿਲਦੀ, ਉਹ ਜਾਂ ਤਾਂ ਵਿਦੇਸ਼ ਭੱਜਦਾ ਹੈ ਜਾਂ ਫਿਰ ਗਲਤ ਰਾਹਾਂ ਦੀ ਚਮਕ ਵਿੱਚ ਖੋ ਜਾਂਦਾ ਹੈ।

ਅੱਜ ਬੌਧਿਕ ਕੰਗਾਲੀ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਬਣ ਗਈ ਹੈ। ਪੰਜਾਬ ਵਿੱਚ ਅੱਜ ਸਭ ਤੋਂ ਵੱਡਾ ਸੰਕਟ ਆਰਥਿਕ ਨਹੀਂ, ਬੌਧਿਕ ਹੈ। ਇੱਥੇ ਵਿਚਾਰਾਂ ਦੀ ਥਾਂ ਸ਼ੋਰ ਨੇ ਲੈ ਲਈ ਹੈ। ਚਰਚਾ ਦੀ ਥਾਂ ਟ੍ਰੋਲਿੰਗ ਨੇ ਲੈ ਲਈ ਹੈ। ਸਵਾਲ ਪੁੱਛਣ ਦੀ ਥਾਂ ਚੁੱਪ ਨੇ ਲੈ ਲਈ ਹੈ।

ਯੂਨੀਵਰਸਿਟੀਆਂ ਖ਼ਾਮੋਸ਼ ਹਨ, ਤੇ ਮੀਡੀਆ ਦਾ ਇੱਕ ਹਿੱਸਾ ਤਮਾਸ਼ਿਆਂ ਵਿੱਚ ਹੈ। ਸਿਵਿਲ ਸੁਸਾਇਟੀ ਮੌਕਿਆਂ ਦੀ ਰਾਜਨੀਤੀ ਵਿੱਚ ਫਸਦੀ ਜਾ ਰਹੀ ਹੈ ਅਤੇ ਇਹ ਖ਼ਤਰਨਾਕ ਹੈ।

ਇੱਕ ਜਾਗਦੀ ਹੋਈ ਸਿਵਿਲ ਸੁਸਾਇਟੀ ਕਿਸੇ ਵੀ ਲੋਕਤੰਤਰ ਦੀ ਰੂਹ ਹੁੰਦੀ ਹੈ। ਪਰ ਜਦੋਂ ਉਹੀ ਵਰਗ ਚੁੱਪ ਹੋ ਜਾਵੇ, ਤਦੋਂ ਸੱਤਾ ਬੇਖ਼ੌਫ਼ ਹੋ ਜਾਂਦੀ ਹੈ। ਅੱਜ ਪੰਜਾਬ ਵਿੱਚ ਭ੍ਰਿਸ਼ਟਾਚਾਰ ਹੈ, ਪ੍ਰਸ਼ਾਸਨਿਕ ਨਾਕਾਮੀਆਂ ਹਨ, ਗੰਦਗੀ ਦੇ ਅੰਬਾਰ ਹਨ, ਨਸ਼ੇ ਹਨ, ਪਰ ਇਹਨਾਂ ਖ਼ਿਲਾਫ਼ ਲਗਾਤਾਰ ਅਤੇ ਨੈਤਿਕ ਆਵਾਜ਼ ਘੱਟ ਸੁਣਾਈ ਦਿੰਦੀ ਹੈ। ਅੱਜ ਸਮਾਜ ਨੂੰ ਹੁਣ ਵਾਇਰਲ ਚੀਜ਼ਾਂ ਜ਼ਿਆਦਾ ਹਨ, ਸੱਚ ਘੱਟ ਤੇ ਅੱਜ ਇਹ ਹਾਲਤ ਡਰਾਉਣੀ ਹੈ।

ਗੁਰਬਾਣੀ ਵਿੱਚ ਸਪੱਸ਼ਟ ਚੇਤਾਵਨੀ ਹੈ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਸੱਚ ਸਿਰਫ਼ ਬੋਲਣਾ ਨਹੀਂ ਹੁੰਦਾ, ਸੱਚ ਨੂੰ ਜੀਣਾ ਵੀ ਪੈਂਦਾ ਹੈ। ਪਰ ਅੱਜ ਸੱਚ ਨੂੰ ਰਿਸਕ ਮੰਨਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਸਮਾਜ ਦਾ ਨੈਤਿਕ ਢਾਂਚਾ ਕਮਜ਼ੋਰ ਹੋ ਰਿਹਾ ਹੈ।

ਅੱਜ ਸਾਨੂੰ ਆਪਣੇ ਬੱਚਿਆਂ ਨੂੰ ਇਹ ਸਿਖਾਉਣਾ ਪਵੇਗਾ ਕਿ ਅਸਲੀ ਹੀਰੋ ਉਹ ਨਹੀਂ ਜੋ ਹਥਿਆਰਾਂ ਨਾਲ ਡਰ ਪੈਦਾ ਕਰੇ; ਅਸਲੀ ਹੀਰੋ ਉਹ ਹੈ ਜੋ ਸਮਾਜ ਨੂੰ ਸੋਚ ਦੇਵੇ, ਇਨਸਾਨੀਅਤ ਦੇਵੇ ਅਤੇ ਰੌਸ਼ਨੀ ਦੇਵੇ। ਅੱਜ ਪੰਜਾਬ ਨੂੰ ਮੁੜ ਭਗਤ ਸਿੰਘ ਦੇ ਵਿਚਾਰਾਂ ਵੱਲ ਮੁੜਨਾ ਪਵੇਗਾ, ਜਿਸ ਨੇ ਕਿਹਾ ਸੀ: ਕ੍ਰਾਂਤੀ ਦੀ ਤਲਵਾਰ ਵਿਚਾਰਾਂ ਦੀ ਸਾਨ 'ਤੇ ਤੇਜ਼ ਹੁੰਦੀ ਹੈ।

ਅੱਜ ਪੰਜਾਬ ਨੂੰ ਬੰਦੂਕਾਂ ਨਹੀਂ, ਵਿਚਾਰਾਂ ਦੀ ਲੋੜ ਹੈ। ਸ਼ੋਰ ਨਹੀਂ, ਸੰਵਾਦ ਦੀ ਲੋੜ ਹੈ। ਤਮਾਸ਼ੇ ਨਹੀਂ, ਤਬਦੀਲੀ ਦੀ ਲੋੜ ਹੈ।

ਪੰਜਾਬ ਦੀ ਮਿੱਟੀ ਵਿੱਚ ਅਜੇ ਵੀ ਖੁਸ਼ਬੂ ਹੈ। ਇਸਦੇ ਲੋਕਾਂ ਦੇ ਦਿਲਾਂ ਵਿੱਚ ਅਜੇ ਵੀ ਪਿਆਰ ਹੈ। ਪਰ ਜੇਕਰ ਅਸੀਂ ਹੁਣ ਵੀ ਨਾ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ।

ਅੱਜ ਵੀ ਵੇਲਾ ਹੈ — ਕਿ ਅਸੀਂ ਗੈਂਗਸਟਰਾਂ ਦੀ ਚਮਕ ਤੋਂ ਬਾਹਰ ਨਿਕਲ ਕੇ ਕਿਤਾਬਾਂ ਦੀ ਰੌਸ਼ਨੀ ਵੱਲ ਵਾਪਸ ਮੁੜੀਏ।

ਅੱਜ ਵੀ ਵੇਲਾ ਹੈ — ਕਿ ਅਸੀਂ ਆਪਣੇ ਨੌਜਵਾਨ ਨੂੰ ਹਵਾਈ ਅੱਡਿਆਂ ਦੀਆਂ ਲਾਈਨਾਂ ਤੋਂ ਕੱਢ ਕੇ ਆਪਣੇ ਖੇਤਾਂ, ਯੂਨੀਵਰਸਿਟੀਆਂ ਅਤੇ ਉਦਯੋਗਾਂ ਨਾਲ ਜੋੜੀਏ।

ਅੱਜ ਵੀ ਵੇਲਾ ਹੈ — ਕਿ ਸਿਵਿਲ ਸੁਸਾਇਟੀ ਮੁੜ ਜ਼ਮੀਰ ਦੀ ਆਵਾਜ਼ ਬਣੇ।ਅੱਜ ਵੀ ਵੇਲਾ ਹੈ — ਕਿ ਪੰਜਾਬ ਆਪਣੇ ਦਰਦ ਨੂੰ ਸਮਝੇ ਅਤੇ ਆਪਣੀ ਰੂਹ ਨੂੰ ਬਚਾਏ।

ਨਹੀਂ ਤਾਂ ਇਤਿਹਾਸ ਲਿਖੇਗਾ ਕਿ ਇੱਕ ਸਮਾਂ ਸੀ ਜਦੋਂ ਪੰਜਾਬ ਕੋਲ ਸਭ ਕੁਝ ਸੀ — ਧਰਤੀ ਵੀ, ਜਵਾਨੀ ਵੀ, ਬੁੱਧੀ ਵੀ — ਪਰ ਉਹ ਆਪਣੀ ਹੀ ਚੁੱਪ ਵਿੱਚ ਹਾਰ ਗਿਆ। ਰੱਬ ਰਾਖਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ

ਕਾਰਗੁਜ਼ਾਰੀ ਦਿਖਾਈ ਹੈ ਅਤੇ ਕਈ ਵਿਸ਼ਿਆਂ ਵਿੱਚ ਪੂਰੇ ਅੰਕ ਹਾਸਲ ਕੀਤੇ ਹਨ।

ਪੇਂਟਿੰਗ ਵਿਸ਼ੇ ਵਿੱਚ ਨਵਪ੍ਰੀਤ ਕੌਰ ਨੇ 100 ਵਿੱਚੋਂ 100 ਅੰਕ ਹਾਸਲ ਕੀਤੇ ਹਨ। ਪੰਜਾਬੀ ਵਿਸ਼ੇ ਵਿੱਚ ਦਿਸ਼ਾ ਕਟਾਰੀਆ ਅਤੇ ਅੰਗਰੇਜ਼ੀ ਵਿੱਚ ਪਲਕੀਰਤ ਕੌਰ ਨੇ ਵੀ 100 ਵਿੱਚੋਂ 100 ਅੰਕ ਲੈ ਕੇ ਇਤਿਹਾਸ ਰਚਿਆ ਹੈ। ਅਕਾਊਂਟਸ ਵਿੱਚ ਰਿਤਿਕਾ ਰਾਣੀ ਨੇ 99 ਅੰਕ, ਇਨਫਰਮੇਸ਼ਨ ਟੈਕਨਾਲੋਜੀ ਵਿੱਚ ਮੇਘਾ ਗੁਪਤਾ ਨੇ 99 ਅੰਕ ਅਤੇ ਬਿਜ਼ਨਸ ਸਟੱਡੀਜ਼ ਵਿੱਚ ਤ੍ਰਿਜਲ ਸੈਣੀ ਨੇ 95 ਅੰਕ ਪ੍ਰਾਪਤ ਕੀਤੇ ਹਨ। ਸਮਾਜ ਸ਼ਾਸਤਰ (ਸੋਸ਼ਿਆਲੋਜੀ) ਵਿੱਚ ਗੁਰਲੀਨ ਕੌਰ ਨੇ 95 ਅੰਕ, ਇਕਨਾਮਿਕਸ ਵਿੱਚ ਰਿਤਿਕਾ ਨੇ 95 ਅੰਕ, ਮਿਊਜ਼ਿਕ ਵਿੱਚ ਪੁਨੀਤ ਕੌਰ ਨੇ 94 ਅੰਕ, ਪੋਲੀਟੀਕਲ ਸਾਇੰਸ ਵਿੱਚ ਨਵਪ੍ਰੀਤ ਨੇ 93 ਅੰਕ, ਹਿੰਦੀ ਵਿੱਚ ਪ੍ਰਭਨੂਰ ਕੌਰ ਬਜਾਜ ਨੇ 93 ਅੰਕ ਅਤੇ ਸਰੀਰਕ ਸਿੱਖਿਆ (ਫਿਜ਼ੀਕਲ ਐਜੂਕੇਸ਼ਨ) ਵਿੱਚ ਸਾਹਿਬ ਸਿੰਘ ਨੇ 91 ਅੰਕ ਹਾਸਲ ਕੀਤੇ ਹਨ। ਇਹ ਨਤੀਜੇ ਦਰਸਾਉਂਦੇ ਹਨ, ਕਿ ਵਿਦਿਆਰਥੀਆਂ ਨੇ

ਹਰ ਵਿਸ਼ੇ ਵਿੱਚ ਬਰਾਬਰ ਦੀ ਮਿਹਨਤ ਕੀਤੀ ਹੈ।ਇਸ ਸ਼ਾਨਦਾਰ ਸਫ਼ਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਦੇ ਚੇਅਰਮੈਨ ਪਦਮ ਸ੍ਰੀ ਸਰਦਾਰ ਜਗਜੀਤ ਸਿੰਘ ਦਰਦੀ ਅਤੇ ਡਾਇਰੈਕਟਰ ਸਰਦਾਰਨੀ ਜਸਵਿੰਦਰ ਕੌਰ ਦਰਦੀ ਨੇ ਸਮੂਹ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਹਾਰਦਿਕ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਕੂਲ ਦੇ ਉੱਚ ਅਕਾਦਮਿਕ ਮਿਆਰਾਂ ਅਤੇ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਮਿਆਰੀ ਸਿੱਖਿਆ ਦਾ ਪ੍ਰਮਾਣ ਹੈ। ਚੇਅਰਮੈਨ ਸਾਹਿਬ ਨੇ ਕਿਹਾ ਕਿ ਸਾਡਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਾ ਸਿਰਫ਼ ਪੜ੍ਹਾਈ ਵਿੱਚ ਅੱਗੇ ਲਿਜਾਣਾ ਹੈ, ਸਗੋਂ ਉਨ੍ਹਾਂ ਨੂੰ ਚੰਗੇ ਇਨਸਾਨ ਬਣਾਉਣਾ ਵੀ ਹੈ।

ਸਕੂਲ ਦੀ ਪ੍ਰਿੰਸੀਪਲ ਡਾ. ਕੰਵਲਜੀਤ ਕੌਰ ਨੇ ਜੇਤੂ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਦਾ ਸਟਾਫ਼ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਤਤਪਰ ਰਹਿੰਦਾ ਹੈ ਅਤੇ ਅਧਿਆਪਕਾਂ ਦੀ ਅਣਥੱਕ ਮਿਹਨਤ ਸਦਕਾ ਹੀ ਅੱਜ ਇਹ ਨਤੀਜੇ ਸੰਭਵ ਹੋਏ ਹਨ। ਡਾ. ਕੌਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਹ ਪ੍ਰਾਪਤੀ ਉਨ੍ਹਾਂ ਦੇ ਦ੍ਰਿੜ ਇਰਾਦੇ ਅਤੇ ਸਕੂਲ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦਾ ਸਿੱਟਾ ਹੈ। ਉਨ੍ਹਾਂ ਉਮੀਦ ਜਤਾਈ ਕਿ ਇਹ ਵਿਦਿਆਰਥੀ ਅੱਗੇ ਜਾ ਕੇ ਵੀ ਉੱਚ ਸਿੱਖਿਆ ਦੇ ਖੇਤਰ ਵਿੱਚ ਸਕੂਲ ਦਾ ਨਾਮ ਰੌਸ਼ਨ ਕਰਨਗੇ। ਸਕੂਲ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਇਲਾਕੇ ਦੇ ਲੋਕਾਂ ਅਤੇ ਮਾਪਿਆਂ ਵੱਲੋਂ ਸਕੂਲ ਪ੍ਰਬੰਧਕਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

ਨੀਟ ਪੇਪਰ ਲੀਕ ਹੋਣਾ ਕੇਂਦਰ ਦੀ ਨਾਕਾਮੀ

ਮੁਫ਼ਤ ਬਿਜਲੀ, ਨਕਦੀ ਰਹਿਤ ਸਿਹਤ ਸੰਭਾਲ ਅਤੇ ਵਿਕਾਸ-ਮੁਖੀ ਸ਼ਾਸਨ ਨੂੰ ਪ੍ਰਮੁੱਖ ਰੂਪ ਵਿਚ ਉਜਾਗਰ ਕੀਤਾ ਜਾਵੇਗਾ।

ਮੀਡੀਆ ਨਾਲ ਗੱਲਬਾਤ ਦੌਰਾਨ, ਮੁੱਖ ਮੰਤਰੀ ਮਾਨ ਨੇ ਕਿਹਾ ਕਿ ਨੀਟ ਪਰਚਾ ਲੀਕ ਹੋਣ ਦੀ ਘਟਨਾ ਨੇ ਲੱਖਾਂ ਉਮੀਦਵਾਰਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ ਹੈ ਅਤੇ ਨਿਰਪੱਖ ਪ੍ਰੀਖਿਆ ਪ੍ਰਣਾਲੀ ਨੂੰ ਯਕੀਨੀ ਬਣਾਉਣ ਵਿੱਚ ਕੇਂਦਰ ਦੀ ਅਸਫਲਤਾ ਨੂੰ ਜੱਗ ਜ਼ਾਹਰ ਕੀਤਾ ਹੈ। ਉਨ੍ਹਾਂ ਅੱਗੇ ਕਿਹਾ, 'ਵਿਦਿਆਰਥੀਆਂ ਨੇ ਅਣਥੱਕ ਮਿਹਨਤ ਕੀਤੀ ਅਤੇ ਪ੍ਰੀਖਿਆ ਪਾਸ ਕਰਨ ਦੀ ਉਮੀਦ ਵਿੱਚ ਰਾਤਾਂ ਜਾਗ ਕੇ ਲੰਘਾਈਆਂ, ਪਰ ਪੇਪਰ ਲੀਕ ਨੇ ਉਨ੍ਹਾਂ ਦੀਆਂ ਰੀਝਾਂ ਵਲ੍ਹੂੰਧਰ ਦਿੱਤੀਆਂ ਹਨ।'

ਮੁੱਖ ਮੰਤਰੀ ਨੇ ਕਿਹਾ, 'ਪ੍ਰੀਖਿਆਰਥੀ ਡੂੰਘੇ ਸਦਮੇ ਵਿੱਚ ਹਨ, ਕਿਉਂਕਿ ਕੇਂਦਰ ਸਰਕਾਰ ਉਨ੍ਹਾਂ ਦੀਆਂ ਭਵਿੱਖੀ ਆਸਾਂ ਨਾਲ ਹੋਈ ਇਸ ਧੋਖਾਧੜੀ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਇਸ ਪੇਪਰ ਲੀਕ ਕਾਰਨ ਲੱਖਾਂ ਉਮੀਦਾਂ ਟੁੱਟ ਗਈਆਂ ਹਨ। ਕੇਂਦਰ ਨੂੰ ਪ੍ਰੀਖਿਆ ਸੁਤੰਤਰ ਅਤੇ ਨਿਰਪੱਖ ਰੂਪ ਵਿਚ ਕਰਵਾਉਣ ਨੂੰ ਯਕੀਨੀ ਬਣਾਉਣਾ ਚਾਹੀਦਾ ਸੀ, ਜਿਸ ਨਾਲ ਲੱਖਾਂ ਵਿਦਿਆਰਥੀਆਂ ਦੀ ਕਿਸਮਤ ਬਦਲ ਸਕਦੀ ਸੀ।'

ਦਿਲਜੀਤ ਦੋਸਾਂਝ ਵੱਲੋਂ ਰਾਜਨੀਤੀ ਵਿੱਚ ਆਉਣ ਤੋਂ ਇਨਕਾਰ ਕਰਨ ਤੋਂ ਬਾਅਦ ਧਮਕਾਉਣ ਦੀ ਰਾਜਨੀਤੀ ਹੋਈ ਸ਼ੁਰੂ

ਇੱਕ ਹੋਰ ਸਵਾਲ ਦੇ ਜਵਾਬ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਪ੍ਰਸਿੱਧ ਗਾਇਕ ਦਿਲਜੀਤ ਦੋਸਾਂਝ ਦੇ ਰਾਜਨੀਤੀ ਵਿੱਚ ਆਉਣ ਤੋਂ ਇਨਕਾਰ ਕਰਨ ਤੋਂ ਬਾਅਦ, ਭਾਜਪਾ ਨੇ ਉਨ੍ਹਾਂ ਵਿਰੁੱਧ ਡਰਾਉਣ-ਧਮਕਾਉਣ ਦੀਆਂ ਚਾਲਾਂ ਦਾ ਸਹਾਰਾ ਲਿਆ। ਉਨ੍ਹਾਂ ਕਿਹਾ ਕਿ 'ਤਾਮਿਲਨਾਡੂ ਦੇ ਰਾਜਨੀਤਿਕ ਪਿਛੜ ਵਿੱਚ ਅਭਿਨੇਤਾ ਵਿਜੇ ਦੀ ਸਫਲਤਾ ਤੋਂ ਬਾਅਦ, ਭਾਜਪਾ ਨੂੰ ਅਹਿਸਾਸ ਹੋਇਆ ਕਿ ਕਲਾਕਾਰਾਂ ਨੂੰ ਵਧੇਰੇ ਜਨਤਕ ਮਾਨਤਾ ਮਿਲਦੀ ਹੈ ਅਤੇ ਇਸ ਲਈ ਉਨ੍ਹਾਂ ਨੇ ਦਿਲਜੀਤ ਦੋਸਾਂਝ ਨੂੰ ਰਾਜਨੀਤੀ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ,'

ਉਨ੍ਹਾਂ ਕਿਹਾ ਕਿ 'ਜਦੋਂ ਤੋਂ ਦਿਲਜੀਤ ਸਿੰਘ ਨੇ ਭਾਜਪਾ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ, ਉਨ੍ਹਾਂ ਵਿਰੁੱਧ ਧਮਕਾਉਣ ਦੀ ਸਿਆਸਤ ਸ਼ੁਰੂ ਹੋ ਗਈ ਹੈ, ਜੋ ਕਿ ਮੂਲੋਂ ਗਲਤ ਹੈ। ਉਨ੍ਹਾਂ ਦੇ ਮੈਨੇਜਰ ਦੇ ਘਰ 'ਤੇ ਹਮਲਾ ਕਰਨਾ ਧਮਕੀ ਦੀ ਇਸ ਰਾਜਨੀਤੀ ਨੂੰ ਦਰਸਾਉਂਦਾ ਹੈ,'

ਵਿਕਾਸ ਅਤੇ ਭਲਾਈ ਏਜੰਡਾ 'ਆਪ' ਨੂੰ ਸੱਤਾ ਵਿੱਚ ਵਾਪਸ ਲਿਆਵੇਗਾ

ਇਸ ਦੌਰਾਨ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਰੰਗਲਾ ਪੰਜਾਬ' ਬਣਾਉਣਾ ਪੰਜਾਬ ਵਿੱਚ 'ਆਪ' ਦਾ ਇੱਕੋ ਇੱਕ ਚੋਣ ਮੁੱਦਾ ਰਹੇਗਾ, ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ 'ਆਪ' ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ ਕਈ ਲੋਕ-ਪੱਖੀ ਅਤੇ ਵਿਕਾਸ-ਮੁਖੀ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ 'ਪੰਜਾਬ ਦੇ ਵਿਦਿਆਰਥੀ ਨੀਟ, ਜੇ.ਈ.ਈ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ, ਲਗਭਗ 90% ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ,

ਡਾ. ਰਵਜੋਤ ਸਿੰਘ ਨੇ "ਆਨਲਾਈਨ ਮਿਲਣੀ" ਦੌਰਾਨ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੀਆਂ ਸ਼ਿਕਾਇਤਾਂ ਤੇ ਸੁਝਾਅ ਸੁਣੇ

ਚੰਡੀਗੜ੍ਹ, 13 ਮਈ (ਹਰਦੀਪ ਕੌਰ): ਪੰਜਾਬ ਸਰਕਾਰ ਦੇ ਐਨਆਰਆਈ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ "ਆਨਲਾਈਨ ਮਿਲਣੀ" ਕਰਕੇ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ, ਸ਼ਿਕਾਇਤਾਂ ਤੇ ਸੁਝਾਅ ਸੁਣੇ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦੇ ਤੁਰੰਤ ਤੇ ਪ੍ਰਭਾਵਸ਼ਾਲੀ ਨਿਪਟਾਰੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਆਨਲਾਈਨ ਮਿਲਣੀ ਦੌਰਾਨ ਜ਼ਮੀਨ-ਜਾਇਦਾਦੀ ਵਿਵਾਦਾਂ, ਵਿਆਹ ਸਬੰਧੀ ਮਾਮਲਿਆਂ, ਧੋਖਾਧੜੀ, ਕਬਜ਼ਿਆਂ ਅਤੇ ਡਰਾਉਣ-ਧਮਕਾਉਣ ਨਾਲ ਸਬੰਧਤ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਉਨ੍ਹਾਂ ਦੱਸਿਆ ਕਿ ਸਾਰੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਦਰਜ ਕਰਕੇ ਸਬੰਧਤ ਵਿਭਾਗਾਂ ਤੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਲਈ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਐਨ.ਆਰ.ਆਈ ਪੰਜਾਬੀ ਭਾਈਚਾਰੇ ਨੂੰ ਇਨਸਾਫ਼, ਸੁਰੱਖਿਆ ਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਐਨ.ਆਰ. ਆਈ ਭਾਈਚਾਰੇ ਨਾਲ ਸਿੱਧਾ ਸੰਪਰਕ ਬਣਾਈ ਰੱਖਣ ਲਈ ਆਨਲਾਈਨ ਅਤੇ ਫਿਜ਼ੀਕਲ ਮਿਲਣੀਆਂ ਨਿਯਮਿਤ ਤੌਰ 'ਤੇ ਹਰ ਮਹੀਨੇ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹਰ ਮਹੀਨੇ ਲਗਭਗ ਦੋ ਮੀਟਿੰਗਾਂ ਆਯੋਜਿਤ ਕੀਤੀਆਂ ਜਾਣਗੀਆਂ ਤੇ ਉਨ੍ਹਾਂ ਦੀ ਜਾਣਕਾਰੀ ਅਗਾਊਂ ਤੌਰ 'ਤੇ ਸਾਂਝੀ ਕੀਤੀ ਜਾਵੇਗੀ, ਤਾਂ ਜੋ ਵੱਧ ਤੋਂ ਵੱਧ ਪਰਵਾਸੀ ਪੰਜਾਬੀ ਇਸ ਪਹਿਲ ਦਾ ਲਾਭ ਲੈ ਸਕਣ। ਉਨ੍ਹਾਂ ਦੱਸਿਆ ਕਿ ਅੱਜ ਦੀ ਆਨਲਾਈਨ ਮਿਲਣੀ ਦੌਰਾਨ ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਤੇ ਕਨੇਡਾ ਆਦਿ ਦੇਸ਼ਾਂ 'ਚ ਵੱਸਦੇ ਪੰਜਾਬੀਆਂ ਦੇ 16 ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਦੱਸਿਆ ਕਿ ਜਨਵਰੀ 2026 ਤੋਂ ਅਪ੍ਰੈਲ 2026 ਤੱਕ ਐ ਨ . ਆ ਰ . ਆ ਈ ਵਿਭਾਗ ਨੂੰ ਕੁੱਲ 590 ਅਰਜ਼ੀਆਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 430 ਮਾਮਲਿਆਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ, ਜਦਕਿ 160 ਮਾਮਲੇ ਕਾਰਵਾਈ ਅਧੀਨ ਹਨ। ਇਸੇ ਤਰ੍ਹਾਂ ਮਈ 2026 ਦੌਰਾਨ ਹੁਣ ਤੱਕ 56 ਨਵੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ 'ਤੇ ਕਾਰਵਾਈ ਜਾਰੀ ਹੈ। ਐਨ.ਆਰ. ਆਈ ਮੰਤਰੀ ਨੇ ਆਨਲਾਈਨ ਮਿਲਣੀ ਵਿੱਚ ਸ਼ਾਮਲ ਹੋਏ ਸਾਰੇ ਐਨ.ਆਰ.ਆਈ. ਭਰਾਵਾਂ ਅਤੇ ਭੈਣਾਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਤੇ ਸਮੱਸਿਆਵਾਂ ਦੇ ਜਲਦ ਨਿਪਟਾਰੇ ਲਈ ਹਰ ਸੰਭਵ ਉਪਰਾਲਾ ਕਰੇਗੀ। ਇਸ ਆਨਲਾਈਨ ਮਿਲਣੀ ਦੌਰਾਨ ਐਨ.ਆਰ.ਆਈ ਵਿਭਾਗ ਦੇ ਸਕੱਤਰ ਵੀ.ਐਨ. ਜ਼ਾਦੇ, ਏ.ਡੀ.ਜੀ.ਪੀ ਐਨ.ਆਰ.ਆਈ ਆਰ. ਕੇ. ਜੈਸਵਾਲ, ਡਵੀਜ਼ਨਲ ਕਮਿਸ਼ਨਰ ਜਲੰਧਰ ਰਾਮਵੀਰ, ਵਿਸ਼ੇਸ਼ ਸਕੱਤਰ ਐਨ.ਆਰ.ਆਈ ਅਮਨਦੀਪ ਕੌਰ ਤੋਂ ਇਲਾਵਾ ਸੀਨੀਅਰ ਵਿਭਾਗੀ ਅਧਿਕਾਰੀ ਹਾਜ਼ਰ ਸਨ।

ਬਟਾਲਾ ਦੋਹਰਾ ਕਤਲ ਕਾਂਡ

ਗੈਂਗਸਟਰ ਹੈਪੀ ਜੱਟ ਦੇ ਤਿੰਨ ਕਾਰਕੁੰਨ ਭੂਟਾਨ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਅੰਤਰਰਾਸ਼ਟਰੀ ਸਰਹੱਦ ਤੋਂ ਕਾਬੂ

ਗ੍ਰਿਫ਼ਤਾਰ ਮੁਲਜ਼ਮਾਂ ਨੇ ਭਗੌੜੇ ਹੈਂਡਲਰ ਹੈਪੀ ਜੱਟ ਦੇ ਨਿਰਦੇਸ਼ਾਂ 'ਤੇ ਯੋਜਨਾਬੱਧ ਕਤਲਾਂ ਨੂੰ ਦਿੱਤਾ ਸੀ ਅੰਜਾਮ : ਡੀ.ਜੀ.ਪੀ.

ਚੰਡੀਗੜ੍ਹ, 13 ਮਈ (ਚ.ਨ.ਸ.): ਬਟਾਲਾ ਵਿਖੇ ਸਨਸਨੀਖੇਜ਼ ਦੋਹਰੇ ਕਤਲ ਕਾਂਡ ਮਾਮਲੇ ਵਿੱਚ ਵੱਡੀ ਸਫ਼ਲਤਾ ਤਹਿਤ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਇੱਕ ਸੁਚੱਜੇ ਤਾਲਮੇਲ ਰਾਹੀਂ ਕਾਰਵਾਈ ਕਰਦਿਆਂ ਪੱਛਮੀ ਬੰਗਾਲ ਵਿੱਚ ਭਾਰਤ-ਭੂਟਾਨ ਸਰਹੱਦ ਤੋਂ ਵਿਦੇਸ਼-ਅਧਾਰਤ ਭਗੌੜੇ ਗੈਂਗਸਟਰ ਹੈਪੀ ਜੱਟ ਦੇ ਤਿੰਨ ਕਾਰਕੁਨਾਂ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਭੂਟਾਨ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। "ਆਪ੍ਰੇਸ਼ਨ ਨੈਸਟ ਰੈਕਰ" ਨਾਮ ਹੇਠ ਇਹ ਕਾਰਵਾਈ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ, ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਅਸ਼ੀਸ਼ ਚੌਧਰੀ ਦੀ ਅਗਵਾਈ ਹੇਠ ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ (ਓਐਫਟੀਈਸੀ) ਅਤੇ ਬਟਾਲਾ ਪੁਲਿਸ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਕੱਥੂਨੰਗਲ ਦੇ ਰਹਿਣ ਵਾਲੇ ਜਤਿਨ ਸਿੰਘ, ਤਰਨ ਤਾਰਨ ਦੇ ਪਿੰਡ ਸੰਗਰ ਕੋਟ ਦੇ ਰਹਿਣ ਵਾਲੇ ਸਾਜਨਦੀਪ ਸਿੰਘ ਤੇ ਅੰਮ੍ਰਿਤਸਰ ਦੇ ਬਲੀਆ ਮੰਜਪੁਰ ਦੇ ਰਹਿਣ ਵਾਲੇ ਮਹਿਕਦੀਪ ਸਿੰਘ ਵਜੋਂ ਹੋਈ ਹੈ। ਦੋਸ਼ੀ ਜਤਿਨ ਸਿੰਘ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਜਿਸਦੇ ਖਿਲਾਫ ਅਸਲਾ ਐਕਟ, ਐਨਡੀਪੀਐਸ ਐਕਟ ਆਦਿ ਤਹਿਤ ਕਈ ਅਪਰਾਧਕ ਮਾਮਲੇ ਦਰਜ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, 27 ਅਪ੍ਰੈਲ, 2026 ਨੂੰ ਰਾਤ 9 ਵਜੇ ਦੇ ਕਰੀਬ ਬਟਾਲਾ ਦੇ ਪਿੰਡ ਭੋਮਾ ਵਿੱਚ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਅਣਪਛਾਤੇ ਹਮਲਾਵਰਾਂ ਨੇ ਤਿੰਨ ਵਿਅਕਤੀਆਂ 'ਤੇ ਗੋਲੀਆਂ ਚਲਾਈਆਂ।

ਇਨ੍ਹਾਂ ਯੋਜਨਾਬੱਧ ਕਤਲਾਂ ਨੂੰ ਅੰਜਾਮ ਦਿੱਤਾ ਸੀ। ਡੀਜੀਪੀ ਨੇ ਕਿਹਾ ਕਿ ਜਾਂਚ ਇਸ ਘਟਨਾ ਵਿੱਚ, ਦੋ ਵਿਅਕਤੀਆਂ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ, ਜਦੋਂ ਕਿ ਤੀਸਰਾ ਜ਼ਖਮੀ ਹੋ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ ਅਧਾਰਤ ਭਗੌੜੇ ਹੈਂਡਲਰ ਹੈਪੀ ਜੱਟ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜਿਨ੍ਹਾਂ ਨੇ ਉਸਦੇ ਨਿਰਦੇਸ਼ਾਂ 'ਤੇ ਹੀ ਤੋਂ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਗ੍ਰਿਫ਼ਤਾਰੀ ਤੋਂ ਬਚਣ ਲਈ ਲਗਾਤਾਰ ਆਪਣਾ ਥਹੁ-ਟਿਕਾਣਾ ਬਦਲ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਸਬੰਧਾਂ, ਲੌਜਿਸਟਿਕਲ ਸਹਾਇਤਾ, ਹਥਿਆਰਾਂ ਦੀ ਖਰੀਦ ਅਤੇ ਕੇਸ ਵਿੱਚ ਸ਼ਾਮਲ ਹੋਰ ਸਾਥੀਆਂ ਦੀ ਭੂਮਿਕਾ ਸਮੇਤ ਪੂਰੀ ਸਾਜ਼ਿਸ਼ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਘਟਨਾ ਤੋਂ ਬਾਅਦ, ਏਜੀਟੀਐਫ, ਬਟਾਲਾ ਪੁਲਿਸ, ਖੁਫੀਆ ਅਤੇ ਤਕਨੀਕੀ ਇਕਾਈਆਂ ਦੀਆਂ ਪੁਲਿਸ ਟੀਮਾਂ ਨੇ ਸਾਂਝੇ ਤੌਰ 'ਤੇ ਜਾਂਚ ਕੀਤੀ ਅਤੇ ਵੱਖ-ਵੱਖ ਥਾਵਾਂ ਦੀ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ। ਏਡੀਜੀਪੀ ਨੇ ਦੱਸਿਆ ਕਿ ਮੁਲਜ਼ਮਾਂ ਦੀ ਤਕਨੀਕੀ ਪੈੜ ਤੇ ਖੁਫੀਆ ਜਾਣਕਾਰੀ ਤੋਂ ਉਕਤ ਮੁਲਜ਼ਮਾਂ ਦੀ ਅੰਤਰਰਾਸ਼ਟਰੀ ਸਰਹੱਦੀ ਖੇਤਰ ਵੱਲ ਗਤੀਵਿਧੀ ਦਾ ਪਤਾ ਚੱਲਿਆ। ਇਸ ਉਪਰੰਤ ਤੇਜ਼ੀ ਨਾਲ ਕਾਰਵਾਈ ਕਰਦਿਆਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਪੰਜਾਬ ਵਾਪਸ ਲਿਆਉਣ ਲਈ ਏਜੀਟੀਐਫ ਤੇ ਬਟਾਲਾ ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਇੱਕ ਟੀਮ ਰਵਾਨਾ ਕੀਤੀ ਗਈ। ਇਸ ਸਬੰਧ ਵਿੱਚ ਪੁਲਿਸ ਸਟੇਸ਼ਨ ਘੁਮਾਣ, ਬਟਾਲਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 103 ਤੇ 109 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 70 ਮਿਤੀ 28.04.2026 ਪਹਿਲਾਂ ਹੀ ਦਰਜ ਹੈ।

ਆਦਮਖੋਰ ਕੁੱਤਿਆਂ ਦੇ ਝੁੰਡ ਨੇ ਮਜ਼ਦੂਰ ਨੂੰ ਨੋਚ-ਨੋਚ ਕੇ ਮਾਰਿਆ

ਖੰਨਾ, 13 ਮਈ (ਚ.ਨ.ਸ.): ਖੰਨਾ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ 'ਚ ਆਵਾਰਾ ਅਤੇ ਆਦਮਖੋਰ ਬਣ ਚੁੱਕੇ ਕੁੱਤਿਆਂ ਦਾ ਖੌਫ ਲਗਾਤਾਰ ਵਧਦਾ ਜਾ ਰਿਹਾ ਹੈ। ਖੰਨਾ ਦੇ ਨੇੜਲੇ ਪਿੰਡ ਰਸੂਲੜਾ ਵਿੱਚ ਸਾਹਮਣੇ ਆਈ, ਜਿੱਥੇ ਇੱਕ ਮਜ਼ਦੂਰ ਨੂੰ ਕੁੱਤਿਆਂ ਦੇ ਝੁੰਡ ਨੇ ਨੋਚ-ਨੋਚ ਕੇ ਮਾਰ ਦਿੱਤਾ। ਮ੍ਰਿਤਕ ਦੀ ਪਛਾਣ 35 ਸਾਲਾ ਰਾਮ ਈਸ਼ਵਰ ਵਜੋਂ ਹੋਈ ਹੈ, ਜੋ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਰਾਮ ਈਸ਼ਵਰ ਰਾਤ ਸਮੇਂ ਖੇਤਾਂ ਵੱਲ ਗਿਆ ਹੋਇਆ ਸੀ, ਜਿੱਥੇ 10 ਤੋਂ 15 ਆਵਾਰਾ ਕੁੱਤਿਆਂ ਦੇ ਝੁੰਡ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤੇ ਉਸ ਨੂੰ ਸਾਰੀ ਰਾਤ ਨੋਚਦੇ ਰਹੇ ਅਤੇ ਉਹ ਦਰਦ ਨਾਲ ਤੜਫਦਾ ਰਿਹਾ ਪਰ ਕੋਈ ਮਦਦ ਲਈ ਨਹੀਂ ਪਹੁੰਚ ਸਕਿਆ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਦੇ ਪਿਤਾ ਜਦੋਂ ਖੇਤਾਂ ਵੱਲ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਕੁੱਤੇ ਰਾਮ ਈਸ਼ਵਰ ਦੀ ਦੇਹ ਨੂੰ ਖਾ ਰਹੇ ਸਨ। ਉਸ ਨੇ ਤੁਰੰਤ ਰੌਲਾ ਪਾਇਆ ਅਤੇ ਪਿੰਡ ਦੇ ਲੋਕ ਇਕੱਠੇ ਹੋਏ, ਜਿਸ ਤੋਂ ਬਾਅਦ ਕੁੱਤੇ ਉਥੋਂ ਭੱਜੇ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਰਾਮ ਈਸ਼ਵਰ ਦੀ ਦੇਹ ਲਹੂ-ਲੁਹਾਨ ਹਾਲਤ ਵਿੱਚ ਪਈ ਸੀ ਤੇ ਉਸ ਦੇ ਸਰੀਰ ਦੇ ਕਈ ਹਿੱਸੇ ਬੁਰੀ ਤਰ੍ਹਾਂ ਨੋਚੇ ਹੋਏ ਸਨ। ਇਸ ਦਰਦਨਾਕ ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਪ੍ਰਸ਼ਾਸਨ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਬਰਮਿੰਘਮ ਸਿਟੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਵਫ਼ਦ ਵੱਲੋਂ ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦਾ ਦੌਰਾ

ਚੰਡੀਗੜ੍ਹ, 13 ਮਈ (ਚ.ਨ.ਸ.): ਬਰਮਿੰਘਮ ਸਿਟੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ (ਪੀਐਸਐਫਐਫਬਲਯੂਸੀ) ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਪ੍ਰੋਫੈਸਰ ਡਾ. ਸੁਖਪਾਲ ਸਿੰਘ, ਚੇਅਰਮੈਨ, ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਤੇ ਨਵਜੋਤ ਸਿੰਘ ਜਰਗ, ਚੇਅਰਮੈਨ, ਜੀਏਐਨਸੀਓ ਨਾਲ ਪ੍ਰੋਫੈਸਰ ਡਾ. ਚਮਕੌਰ ਸਿੰਘ ਅਠਵਾਲ ਦੀ ਅਗਵਾਈ ਵਾਲੇ ਬਰਮਿੰਘਮ ਸਿਟੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਉੱਚ ਪੱਧਰੀ ਵਫ਼ਦ ਵਿੱਚ ਡਾ. ਫਲੋਰੀਮੰਡ ਗੁਨੀਅਟ ਤੇ ਡਾ. ਸ਼ਿਸ਼ਾਂਕ, ਅਰਥਸ਼ਾਸਤਰੀ, ਡਾ. ਸੰਦੀਪ ਧੁੰਧਰਾ, ਬੀ.ਸੀ.ਯੂ., ਯੂ.ਕੇ. ਸ਼ਾਮਲ ਸਨ। ਇਸ ਤੋਂ ਇਲਾਵਾ ਇਲਾਵਾ ਡਾ. ਵਾਈ.ਪੀ. ਵਰਮਾ, ਰਜਿਸਟਰਾਰ ਤੇ ਡਾ. ਮਨਿੰਦਰ ਕੌਰ, ਪੀਯੂ, ਚੰਡੀਗੜ੍ਹ ਵੀ ਮੌਜੂਦ ਸਨ। ਇਸ ਮੀਟਿੰਗ ਦਾ ਉਦੇਸ਼ ਸੂਬੇ ਵਿੱਚ ਊਰਜਾ ਉਤਪਾਦਨ ਲਈ ਹੋਰ ਟਿਕਾਊ ਮਾਡਲ ਲਿਆਉਣਾ ਸੀ। ਡਾ. ਚੈਮ ਬਿਜਲੀ 'ਤੇ ਨਿਰਭਰਤਾ ਘਟਾਉਣ ਲਈ ਸੂਰਜੀ ਊਰਜਾ ਦੀ ਢੁਕਵੀਂ ਵਰਤੋਂ ਸਬੰਧੀ ਵੱਖ-ਵੱਖ ਮਾਡਲ ਵਿਕਸਤ ਕਰਨ ਵਾਲੀ ਇੱਕ ਅਥਾਰਟੀ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਬੰਗਲਾਦੇਸ਼ ਵਿੱਚ ਬਹੁਤ ਸਾਰੇ ਪ੍ਰੋਜੈਕਟ ਪਾਇਲਟ ਆਧਾਰ 'ਤੇ ਸ਼ੁਰੂ ਕੀਤੇ ਹਨ ਅਤੇ ਤਕਨਾਲੋਜੀਆਂ ਵਿੱਚ ਵੱਡੇ ਸੁਧਾਰ ਲਿਆਂਦੇ ਹਨ, ਜਿਨ੍ਹਾਂ ਨੂੰ ਪੰਜਾਬ ਵਿੱਚ ਬਹੁਤ ਘੱਟ ਲਾਗਤ ਨਾਲ ਦੁਹਰਾਇਆ ਜਾ ਸਕਦਾ ਹੈ।

ਉਨ੍ਹਾਂ ਨੇ ਸਮਾਰਟ-ਐਸਆਈਪੀ ਮਾਡਲ ਬਾਰੇ ਇੱਕ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ, ਜੋ ਕਿ ਇੱਕ ਕਮਿਊਨਿਟੀ ਅਧਾਰਤ ਸੂਰਜੀ ਊਰਜਾ ਦੀ ਢੁਕਵੀਂ ਵਰਤੋਂ ਸਬੰਧੀ ਪ੍ਰਣਾਲੀ ਹੈ, ਜਿਸਨੂੰ ਪੰਜਾਬ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਜਾ ਸਕਦਾ ਹੈ। ਪ੍ਰੋਫੈਸਰ ਡਾ. ਸੁਖਪਾਲ ਸਿੰਘ ਨੇ ਸੂਬੇ ਦੇ ਪਾਣੀ ਅਤੇ ਊਰਜਾ ਦ੍ਰਿਸ਼ਟੀਕੋਣ ਬਾਰੇ ਵੀ ਵਿਸਥਾਰ ਨਾਲ ਦੱਸਿਆ ਕਿ ਰਾਜ ਵਿੱਚ ਸਾਲਾਨਾ 13.27 ਬੀਸੀਐਮ ਪਾਣੀ ਦੀ ਘਾਟ ਹੈ ਅਤੇ ਏਪੀ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਸਪਲਾਈ ਲਈ ਹਰ ਸਾਲ ਲਗਭਗ 8000 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਸਦਨ ਨੂੰ ਅੱਗੇ ਦੱਸਿਆ ਕਿ ਪੰਜਾਬ ਰਾਜ ਖੇਤੀਬਾੜੀ ਨੀਤੀ-2023 ਵਿੱਚ ਸੂਰਜੀ ਊਰਜਾ ਵਾਲੇ ਪੰਪਾਂ ਵੱਲ ਪੜਾਅਵਾਰ ਤਬਦੀਲੀ ਦੀ ਸਿਫਾਰਸ਼ ਕੀਤੀ ਗਈ ਹੈ, ਜਿਸ ਨਾਲ ਨਾ ਸਿਰਫ਼ ਬਿਜਲੀ ਖਰਚੇ ਘਟਣਗੇ, ਸਗੋਂ ਰਾਜ ਸਾਲਾਨਾ ਲਗਭਗ 7000 ਕਰੋੜ ਰੁਪਏ ਦਾ ਮਾਲੀਆ ਪੈਦਾ ਕਰਨ ਦੀ ਸਥਿਤੀ ਵਿੱਚ ਆ ਜਾਵੇਗਾ।

ਡਾ. ਫਲੋਰੀਮੰਡ ਨੇ ਦੱਸਿਆ ਕਿ ਹਰਿਆਣਾ ਨੇ ਲਗਭਗ 1.80 ਲੱਖ ਸੋਲਰ ਪੰਪ ਲਗਾਏ ਹਨ, ਜਦੋਂ ਕਿ ਪੰਜਾਬ ਨੇ ਪੀਐਮ-ਕੁਸੁਮ ਯੋਜਨਾ ਅਧੀਨ ਸਿਰਫ 17000 ਲਗਾਏ ਹਨ। ਉਨ੍ਹਾਂ ਦੱਸਿਆ ਕਿ ਬੰਗਲਾਦੇਸ਼ ਬਹੁਤ ਵੱਡੇ ਪੱਧਰ 'ਤੇ ਸੂਰਜੀ ਊਰਜਾ ਦੀ ਵਰਤੋਂ ਕਰ ਰਿਹਾ ਹੈ। ਉਦਾਹਰਣ ਵਜੋਂ, ਬੰਗਲਾਦੇਸ਼ ਵਿੱਚ ਜ਼ਿਆਦਾਤਰ ਬੈਟਰੀ ਪਾਵਰ ਆਟੋ ਸੂਰਜੀ ਊਰਜਾ ਰਾਹੀਂ ਚਲਾਏ ਜਾ ਰਹੇ ਹਨ। ਵਿਚਾਰ-ਵਟਾਂਦਰੇ ਦੌਰਾਨ ਨਵਜੋਤ ਸਿੰਘ ਜਰਗ ਨੇ ਵਫ਼ਦ ਨੂੰ ਆਪਣੇ ਪਿੰਡ ਵਿੱਚ ਪਾਇਲਟ ਪੱਧਰ 'ਤੇ ਕੰਮ ਕਰਨ ਦੀ ਪੇਸ਼ਕਸ਼ ਕੀਤੀ ਅਤੇ ਪ੍ਰੋਫੈਸਰ ਡਾ. ਸੁਖਪਾਲ ਸਿੰਘ ਨੇ ਹੁਸ਼ਿਆਰਪੁਰ ਵਿਖੇ ਲਾਮਰ-ਕਾਂਗੜੀ ਐਮਪੀਸੀਐਸ ਦਾ ਸੁਝਾਅ ਦਿੱਤਾ, ਜੋ ਕਿ 4 ਨਾਲ ਲੱਗਦੇ

ਸੰਪਾਦਕੀ

'ਨੀਟ' ਦਾ ਰੱਦ ਹੋਣਾ

ਹਰ ਸਾਲ, ਦੇਸ਼ ਭਰ ਵਿੱਚ ਲੱਖਾਂ ਵਿਦਿਆਰਥੀ ਇੰਜੀਨੀਅਰਿੰਗ ਅਤੇ ਮੈਡੀਕਲ ਪ੍ਰਵੇਸ਼ ਪ੍ਰੀਖਿਆਵਾਂ ਲਈ ਸਖ਼ਤ ਮਿਹਨਤ ਕਰਦੇ ਹਨ। ਪਰ ਉਨ੍ਹਾਂ ਦੀਆਂ ਉਮੀਦਾਂ ਉਦੋਂ ਚਕਨਾਚੂਰ ਹੋ ਜਾਂਦੀਆਂ ਹਨ ਜਦੋਂ ਬੇਨਿਯਮੀਆਂ ਸਾਹਮਣੇ ਆਉਂਦੀਆਂ ਹਨ ਜਾਂ ਲੀਕ ਹੋਣ ਕਾਰਨ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਜਾਂਦੀਆਂ ਹਨ। ਇਸ ਵਾਰ, ਮੈਡੀਕਲ ਪ੍ਰਵੇਸ਼ ਪ੍ਰੀਖਿਆ, ਨੀਟ ਯੂ ਜੀ-2026 ਵਿੱਚ ਲੀਕ ਹੋਣ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ, ਜਿਸ ਕਾਰਨ ਨੈਸ਼ਨਲ ਟੈਸਟਿੰਗ ਏਜੰਸੀ ਨੇ 3 ਮਈ ਨੂੰ ਹੋਈ ਪ੍ਰੀਖਿਆ ਰੱਦ ਕਰ ਦਿੱਤੀ ਹੈ। ਜਾਂਚ ਵੀ ਸੀ ਬੀ ਆਈ ਨੂੰ ਸੌਂਪ ਦਿੱਤੀ ਗਈ ਹੈ। ਸਵਾਲ ਇਹ ਹੈ ਕਿ ਅਜਿਹੀਆਂ ਪ੍ਰਵੇਸ਼ ਪ੍ਰੀਖਿਆਵਾਂ ਵਿੱਚ ਬੇਨਿਯਮੀਆਂ ਦੇ ਅਜਿਹੇ ਮਾਮਲੇ ਵਾਰ-ਵਾਰ ਕਿਉਂ ਸਾਹਮਣੇ ਆ ਰਹੇ ਹਨ? ਨੈਸ਼ਨਲ ਟੈਸਟਿੰਗ ਏਜੰਸੀ ਦਾ ਦਾਅਵਾ ਹੈ ਕਿ ਪ੍ਰਸ਼ਨ ਪੱਤਰ ਤਿਆਰ ਕਰਨ ਤੋਂ ਲੈ ਕੇ ਸਬੰਧਤ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਉਣ ਤੱਕ ਪੂਰੀ ਗੁਪਤਤਾ ਬਣਾਈ ਰੱਖੀ ਜਾਂਦੀ ਹੈ ਅਤੇ ਜ਼ਰੂਰੀ ਸੁਰੱਖਿਆ ਉਪਾਵਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਤਾਂ ਫਿਰ ਪ੍ਰੀਖਿਆ ਤੋਂ ਪਹਿਲਾਂ ਚੁਣੇ ਹੋਏ ਵਿਦਿਆਰਥੀਆਂ ਤੱਕ ਪ੍ਰਸ਼ਨ ਪੱਤਰ ਕਿਉਂ ਪਹੁੰਚਦੇ ਹਨ? ਨੈਸ਼ਨਲ ਟੈਸਟਿੰਗ ਏਜੰਸੀ ਅਤੇ ਜਾਂਚ ਏਜੰਸੀਆਂ ਅਜਿਹੀਆਂ ਬੇਨਿਯਮੀਆਂ ਦਾ ਮੂਲ ਕਾਰਨ ਕਿਉਂ ਨਹੀਂ ਲੱਭ ਪਾਉਂਦੀਆਂ? ਧਿਆਨ ਦੇਣ ਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਆਯੋਜਿਤ ਪ੍ਰਵੇਸ਼ ਪ੍ਰੀਖਿਆ ਵਿੱਚ ਬੇਨਿਯਮੀਆਂ ਦੇ ਗੰਭੀਰ ਦੋਸ਼ ਸਾਹਮਣੇ ਆਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ। 2024 ਵਿੱਚ, ਨੀਟ ਪ੍ਰੀਖਿਆ ਦੇਣ ਵਾਲੇ ਕੁਝ ਉਮੀਦਵਾਰਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਪ੍ਰਸ਼ਨ ਪੱਤਰ ਇੱਕ ਵੱਖਰੀ ਭਾਸ਼ਾ ਵਿੱਚ ਦਿੱਤੇ ਗਏ ਸਨ। ਇਸ ਤੋਂ ਬਾਅਦ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਪ੍ਰਭਾਵਿਤ ਉਮੀਦਵਾਰਾਂ ਨੂੰ ਮੁਆਵਜ਼ੇ ਵਜੋਂ ਦਿੱਤੇ ਗਏ ਗ੍ਰੇਸ ਅੰਕਾਂ ਬਾਰੇ ਗੰਭੀਰ ਸਵਾਲ ਉਠਾਏ ਗਏ ਸਨ। 2021 ਦੇ ਸ਼ੁਰੂ ਵਿੱਚ ਕੁਝ ਵਿਦਿਆਰਥੀਆਂ ਨੂੰ ਗਲਤ ਪ੍ਰਸ਼ਨ ਪੱਤਰ ਵੰਡਣ ਅਤੇ ਕਈ ਕੇਂਦਰਾਂ 'ਤੇ ਪ੍ਰੀਖਿਆ ਵਿੱਚ ਅਣਉਚਿਤ ਸਾਧਨਾਂ ਦੀ ਵਰਤੋਂ ਕਰਨ ਦੀਆਂ ਸ਼ਿਕਾਇਤਾਂ ਆਈਆਂ ਸਨ। ਸਰਕਾਰ ਨੇ 2018 ਵਿੱਚ ਨੈਸ਼ਨਲ ਟੈਸਟਿੰਗ ਏਜੰਸੀ ਦੀ ਸਥਾਪਨਾ ਕੀਤੀ। ਇਸਦਾ ਉਦੇਸ਼ ਨੀਟ, ਜੇ ਈ ਈ, ਯੂ ਜੀ ਸੀ ਅਤੇ ਨੈਟ ਸਮੇਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਦਾਖਲੇ ਲਈ ਰਾਸ਼ਟਰੀ ਪੱਧਰ ਦੀਆਂ ਯੋਗਤਾ ਪ੍ਰੀਖਿਆਵਾਂ ਕਰਵਾਉਣਾ ਹੈ। ਦਾਖਲਾ ਪ੍ਰੀਖਿਆ ਪ੍ਰਕਿਰਿਆ ਨੂੰ ਪਾਰਦਰਸ਼ੀ, ਕੁਸ਼ਲ ਅਤੇ ਨਿਰਪੱਖ ਬਣਾਉਣਾ ਨੈਸ਼ਨਲ ਟੈਸਟਿੰਗ ਏਜੰਸੀ ਦੀ ਮੁੱਖ ਤਰਜੀਹ ਹੈ। ਹਾਲਾਂਕਿ, ਲਗਾਤਾਰ ਉਭਰ ਰਹੀਆਂ ਸਮੱਸਿਆਵਾਂ ਅੰਤਰ ਏਜੰਸੀਆਂ ਦੇ ਕੰਮਕਾਜ 'ਤੇ ਸਵਾਲ ਖੜ੍ਹੇ ਕਰਦੀਆਂ ਹਨ। ਲਗਭਗ 2.3 ਮਿਲੀਅਨ ਵਿਦਿਆਰਥੀਆਂ ਨੇ ਨੀਟ ਯੂ ਜੀ -2026 ਪ੍ਰੀਖਿਆ ਦਿੱਤੀ। ਨੈਸ਼ਨਲ ਟੈਸਟਿੰਗ ਏਜੰਸੀ ਦਾ ਦਾਅਵਾ ਹੈ ਕਿ ਇਸ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਤਿਆਰ ਕਰਨ ਵਿੱਚ ਪੂਰੀ ਗੁਪਤਤਾ ਬਣਾਈ ਰੱਖੀ ਗਈ ਸੀ ਅਤੇ ਉਨ੍ਹਾਂ ਨੂੰ ਜੀ ਪੀ ਐੱਸ ਟਰੈਕ ਕੀਤੇ ਵਾਹਨਾਂ ਵਿੱਚ ਲਿਜਾਇਆ ਗਿਆ ਸੀ। ਏ ਆਈ-ਸਹਾਇਤਾ ਪ੍ਰਾਪਤ ਸੀ ਸੀ ਟੀ ਵੀ ਦੀ ਵਰਤੋਂ ਕਰਦੇ ਹੋਏ ਇੱਕ ਕੇਂਦਰੀ ਕੰਟਰੋਲ ਰੂਮ ਤੋਂ ਪ੍ਰੀਖਿਆ ਕੇਂਦਰਾਂ ਦੀ ਨਿਗਰਾਨੀ ਕੀਤੀ ਗਈ ਸੀ। ਇਨ੍ਹਾਂ ਸੁਰੱਖਿਆ ਉਪਾਵਾਂ ਦੇ ਬਾਵਜੂਦ, ਜੇਕਰ ਪ੍ਰਸ਼ਨ ਪੱਤਰ ਪ੍ਰੀਖਿਆ ਤੋਂ ਪਹਿਲਾਂ ਕੁਝ ਵਿਦਿਆਰਥੀਆਂ ਤੱਕ ਪਹੁੰਚ ਗਿਆ ਤਾਂ ਇਹ ਸੱਚਮੁੱਚ ਬਹੁਤ ਗੰਭੀਰ ਮਾਮਲਾ ਹੈ। ਸਪੱਸ਼ਟ ਤੌਰ 'ਤੇ ਇਹ ਪ੍ਰੀਖਿਆ ਸੰਚਾਲਨ ਸੰਸਥਾ ਅਤੇ ਹੋਰ ਸੰਗਠਨਾਂ ਦੀ ਪੇਪਰ-ਸ਼ੇਅਰਿੰਗ ਮਾਫੀਆ ਨਾਲ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ ਸੀ। ਸਰਕਾਰ ਨੂੰ ਇਨ੍ਹਾਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਵਿਦਿਆਰਥੀਆਂ ਦੁਆਰਾ ਕੀਤੀ ਗਈ ਸਖ਼ਤ ਮਿਹਨਤ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਬਹੁਤ ਸਾਰੇ ਪਰਿਵਾਰ ਮਹਿੰਗੀ ਕੋਚਿੰਗ ਲਈ ਭੁਗਤਾਨ ਕਰਨ ਲਈ ਆਪਣੀ ਜ਼ਮੀਨ ਗਿਰਵੀ ਰੱਖਦੇ ਹਨ ਅਤੇ ਬੈਂਕ ਕਰਜ਼ੇ ਲੈਂਦੇ ਹਨ। ਇਸ ਲਈ, ਦਾਖਲਾ ਪ੍ਰੀਖਿਆਵਾਂ ਵਿੱਚ ਗਲਤੀਆਂ ਨੂੰ ਰੋਕਣ ਲਈ ਸਖ਼ਤ ਉਪਾਅ ਕਰਨੇ ਜ਼ਰੂਰੀ ਹਨ ਤਾਂ ਜੋ ਵਿਦਿਆਰਥੀਆਂ ਦੇ ਭਵਿੱਖ ਨਾਲ ਸਮਝੌਤਾ ਨਾ ਹੋਵੇ।

-ਜਗਜੀਤ ਸਿੰਘ ਦਰਦੀ

ਅੱਜ ਪੰਜਾਬ ਦੇ ਅਸਲੀ ਮੁੱਦੇ ਗਾਇਬ ਹਨ-ਸਿਆਸਤ ਹੁਣ ਸਿਰਫ਼ ਤਮਾਸ਼ਾ ਬਣੀ

ਗੈਂਗਸਟਰ ਸੱਭਿਆਚਾਰ–ਪੰਜਾਬ ਦੇ ਮਨੋਵਿਗਿਆਨ ਦੀ ਹਾਰ ਹੁਣ ਤਮਾਸ਼ੇ ਦੀ ਰਾਜਨੀਤੀ ਤੇ ਵੋਟਾਂ ਦੀ ਸ਼ਤਰੰਜ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਵੋਟਾਂ ਦੀ ਰਾਜਨੀਤੀ ਉਲਝਿਆ ਰਾਜਨੀਤੀ ਦੀ ਸ਼ਤਰੰਜ ਵਿੱਚ ਆਪਣੇ ਆਪ ਨੂੰ ਨਿਹੱਥਾ ਸਮਝ ਰਿਹਾ ਹੈ । ਅੱਜ ਦੇ ਇਸ ਦਿਸ਼ਾਹੀਣ ਵਾਤਾਵਰਣ ਨੂੰ ਕਿਸ ਤਰ੍ਹਾਂ ਰਚਨਾਤਮਕ ਕੀਤਾ ਜਾਏ, ਇਹ ਹੁਣ ਚਿੰਤਾ ਦਾ ਵਿਸ਼ਾ ਹੈ ।ਪੰਜਾਬ ਇੱਕ ਸਮੇਂ ਵਿਚਾਰ ਦੀ ਧਰਤੀ ਸੀ। ਇਹ ਉਹ ਧਰਤੀ ਸੀ ਜਿੱਥੇ ਗੁਰੂਆਂ, ਸੰਤਾਂ ਨੇ ਮਨੁੱਖਤਾ ਦਾ ਰਾਹ ਦੱਸਿਆ, ਕਿਸਾਨਾਂ ਨੇ ਦੇਸ਼ ਨੂੰ ਅੰਨ ਦਿੱਤਾ, ਲੇਖਕਾਂ ਨੇ ਸਮਾਜ ਨੂੰ ਸ਼ਬਦ ਦਿੱਤੇ ਅਤੇ ਨੌਜਵਾਨਾਂ ਨੇ ਕੁਰਬਾਨੀਆਂ ਦੇ ਕੇ ਇਤਿਹਾਸ ਲਿਖਿਆ ਪਰ ਅੱਜ ਦਾ ਪੰਜਾਬ ਇੱਕ ਅਜੀਬ ਦੌਰ ਵਿਚੋਂ ਲੰਘ ਰਿਹਾ ਹੈ। ਇੱਥੇ ਹੁਣ ਮੁੱਦੇ ਨਹੀਂ ਚਲਦੇ, ਮਾਹੌਲ ਚਲਦਾ ਹੈ। ਵਿਚਾਰ ਨਹੀਂ ਵਿਕਦੇ, ਵਿਵਾਦ ਵਿਕਦੇ ਹਨ। ਸੱਚ ਨਹੀਂ ਸੁਣਿਆ ਜਾਂਦਾ, ਸ਼ੋਰ ਸੁਣਿਆ ਜਾਂਦਾ ਹੈ। ਸਿਆਸਤ ਹੁਣ ਲੋਕਾਂ ਦੀ ਨਹੀਂ ਰਹੀ, ਇਹ ਇੱਕ ਤਮਾਸ਼ਾ ਬਣ ਚੁੱਕੀ ਹੈ।

ਅੱਜ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਇਹ ਨਹੀਂ ਕਿ ਇੱਥੇ ਕਰਜ਼ਾ ਵਧ ਰਿਹਾ ਹੈ, ਨਸ਼ੇ ਫੈਲ ਰਹੇ ਹਨ, ਕਿਸਾਨ ਟੁੱਟ ਰਿਹਾ ਹੈ ਜਾਂ ਨੌਜਵਾਨ ਦੇਸ਼ ਛੱਡ ਰਿਹਾ ਹੈ। ਸਭ ਤੋਂ ਵੱਡਾ ਸੰਕਟ ਇਹ ਹੈ ਕਿ ਇਹ ਸਾਰੇ ਮੁੱਦੇ ਹੁਣ ਸਮਾਜਕ ਅਤੇ ਰਾਜਨੀਤਿਕ ਚਰਚਾ ਦੇ ਕੇਂਦਰ ਵਿੱਚ ਹੀ ਨਹੀਂ ਰਹੇ। ਉਹਨਾਂ ਦੀ ਥਾਂ ਹੁਣ ਟਰੈਂਡਿੰਗ ਹੈਸ਼ਟੈਗ, ਸੋਸ਼ਲ ਮੀਡੀਆ ਦੀਆਂ ਲੜਾਈਆਂ, ਗਾਇਕਾਂ ਤੇ ਸੈਲੀਬ੍ਰਿਟੀਆਂ ਨੂੰ ਲੈ ਕੇ ਬਣਦੇ ਵਿਵਾਦ ਅਤੇ ਟੈਲੀਵਿਜ਼ਨ ਡਿਬੇਟਾਂ ਦਾ ਸ਼ੋਰ ਆ ਗਿਆ ਹੈ। ਹੁਣ ਇਹ ਸੱਚਾਈ ਹੈ ਕਿ ਇੱਕ ਗਾਇਕ ਦੇ ਬਿਆਨ 'ਤੇ ਪੰਜਾਬ ਕਈ ਦਿਨ ਤੱਕ ਉਬਾਲੇ ਖਾਂਦਾ ਰਹਿੰਦਾ ਹੈ, ਪਰ ਕਿਸੇ ਕਿਸਾਨ ਦੀ ਖੁਦਕੁਸ਼ੀ ਦੋ ਘੰਟਿਆਂ ਵਿੱਚ ਖ਼ਬਰਾਂ ਤੋਂ ਗਾਇਬ ਹੋ ਜਾਂਦੀ ਹੈ। ਕਿਸੇ ਸੈਲੀਬ੍ਰਿਟੀ ਦੀ ਟਿੱਪਣੀ ਉੱਤੇ ਸਿਆਸੀ ਧਿਰਾਂ ਤਲਵਾਰਾਂ ਖਿੱਚ ਲੈਂਦੀਆਂ ਹਨ, ਪਰ ਸਰਕਾਰੀ ਸਕੂਲਾਂ ਦੀ ਖਰਾਬ ਹਾਲਤ, ਹਸਪਤਾਲਾਂ ਦੀ ਬੇਬਸੀ ਜਾਂ ਪਿੰਡਾਂ ਵਿੱਚ ਫੈਲ ਰਹੇ ਨਸ਼ੇ ਉੱਤੇ ਉਹੀ ਸਿਆਸਤ ਚੁੱਪ ਹੋ ਜਾਂਦੀ ਹੈ। ਇਹ ਚੁੱਪ ਸਿਰਫ਼ ਰਾਜਨੀਤਿਕ ਨਹੀਂ, ਇਹ ਨੈਤਿਕ ਅਤੇ ਬੌਧਿਕ ਦਿਵਾਲੀਆਪਨ ਦੀ ਨਿਸ਼ਾਨੀ ਹੈ।ਅੱਜ ਤਮਾਸ਼ੇ ਦੀ ਰਾਜਨੀਤੀ ਅਤੇ ਮੁੱਦਿਆਂ ਦੀ ਮੌਤ ਨਾਲ ਵੀ ਕੁੱਝ ਨਹੀਂ ਹੁੰਦਾ ਹੈ। ਅੱਜ ਦੀ ਰਾਜਨੀਤੀ ਨੇ ਲੋਕਤੰਤਰ ਨੂੰ ਇੱਕ ਰਿਐਲਟੀ ਸ਼ੋਅ ਵਿੱਚ ਬਦਲ ਦਿੱਤਾ ਹੈ। ਹਰ ਪਾਰਟੀ ਚਾਹੁੰਦੀ ਹੈ ਕਿ ਲੋਕ ਗੁੱਸੇ ਵਿੱਚ ਰਹਿਣ, ਵੰਡੇ ਰਹਿਣ ਅਤੇ ਭਾਵਨਾਵਾਂ ਵਿੱਚ ਉਲਝੇ ਰਹਿਣ, ਤਾਂ ਜੋ ਅਸਲੀ ਸਵਾਲ ਪੁੱਛੇ ਹੀ ਨਾ ਜਾਣ। ਕਿਉਂਕਿ ਜਦੋਂ ਲੋਕ ਸਵਾਲ ਪੁੱਛਣ ਲੱਗਦੇ ਹਨ, ਤਦੋਂ ਸਰਕਾਰਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ।

ਅੱਜ ਪੰਜਾਬ ਦੇ ਲੋਕਾਂ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਨਸ਼ੇ ਕਿਉਂ ਨਹੀਂ ਰੁਕੇ? ਬੇਰੁਜ਼ਗਾਰੀ ਕਿਉਂ ਵਧ ਰਹੀ ਹੈ? ਉਦਯੋਗ ਪੰਜਾਬ ਤੋਂ ਬਾਹਰ ਕਿਉਂ ਜਾ ਰਹੇ ਹਨ? ਸਰਕਾਰੀ ਸਕੂਲ ਅਤੇ ਹਸਪਤਾਲ ਅਜੇ ਵੀ ਕਮਜ਼ੋਰ ਕਿਉਂ ਹਨ? ਸ਼ਹਿਰ ਗੰਦਗੀ ਅਤੇ ਟੁੱਟੀਆਂ ਸੜਕਾਂ ਨਾਲ ਕਿਉਂ ਭਰੇ ਹਨ? ਪਿੰਡਾਂ ਦਾ ਪਾਣੀ ਜ਼ਹਿਰ ਕਿਉਂ ਬਣ ਰਿਹਾ ਹੈ? ਹਰ ਸਰਕਾਰ ਕਰਜ਼ਾ ਲੈ ਕੇ ਹੀ ਕਿਉਂ ਚੱਲ ਰਹੀ ਹੈ? ਪਰ ਇਹ ਸਵਾਲ ਪੁੱਛਣ ਦੀ ਥਾਂ ਲੋਕਾਂ ਨੂੰ ਇੱਕ ਨਵਾਂ ਵਿਵਾਦ ਦੇ ਦਿੱਤਾ ਜਾਂਦਾ ਹੈ। ਕਦੇ ਕੋਈ ਗਾਇਕ, ਕਦੇ ਕੋਈ ਫਿਲਮ, ਕਦੇ ਕੋਈ ਧਾਰਮਿਕ ਬਿਆਨ, ਕਦੇ ਕੋਈ ਸੋਸ਼ਲ ਮੀਡੀਆ ਕਲਿੱਪ। ਲੋਕ ਉਸ ਵਿੱਚ ਉਲਝ ਜਾਂਦੇ ਹਨ ਅਤੇ ਅਸਲੀ ਮੁੱਦੇ ਹੌਲੀ-ਹੌਲੀ ਸਮਾਜ ਦੀ ਚਰਚਾ ਤੋਂ ਬਾਹਰ ਹੋ ਜਾਂਦੇ ਹਨ।

ਅੱਜ ਇਹ ਇੱਕ ਯੋਜਨਾਬੱਧ ਰਾਜਨੀਤਿਕ ਪ੍ਰਕਿਰਿਆ ਹੈ। ਜਦੋਂ ਰਾਜਨੀਤੀ ਕੋਲ ਹੱਲ ਨਹੀਂ ਹੁੰਦੇ, ਉਹ ਸ਼ੋਰ ਪੈਦਾ ਕਰਦੀ ਹੈ।ਜਦੋਂ ਸਰਕਾਰਾਂ ਵਿਕਾਸ ਨਹੀਂ ਦੇ ਸਕਦੀਆਂ, ਉਹ ਵਿਵਾਦ ਖੜ੍ਹੇ ਕਰਦੀਆਂ ਹਨ। ਜਦੋਂ ਨੇਤਾਵਾਂ ਕੋਲ ਵਿਚਾਰ ਨਹੀਂ ਹੁੰਦੇ, ਉਹ ਭਾਵਨਾਵਾਂ ਨਾਲ ਖੇਡਦੇ ਹਨ। ਗਾਇਕ ਦਿਲਜੀਤ ਦੋਸਾਂਝ ਅਤੇ ਸਿਆਸਤ ਦਾ ਨਵਾਂ ਨਾਟਕ ਹੈ। ਹਾਲੀਆ ਦਿਨਾਂ ਵਿੱਚ ਇੱਕ ਕਲਾਕਾਰ ਨੂੰ ਲੈ ਕੇ ਜਿਹੜੀ ਤਰ੍ਹਾਂ ਦੀ ਰਾਜਨੀਤੀ ਹੋਈ, ਉਹ ਇਸ ਗੱਲ ਦਾ ਸਪੱਸ਼ਟ ਉਦਾਹਰਨ ਹੈ ਕਿ ਪੰਜਾਬ ਦੇ ਅਸਲੀ ਮੁੱਦੇ ਹੁਣ ਕਿਸ ਤਰ੍ਹਾਂ ਪਿੱਛੇ ਧੱਕੇ ਜਾ ਰਹੇ ਹਨ। ਇੱਕ ਆਰਟਿਸਟ ਦੇ ਗੀਤਾਂ, ਬਿਆਨਾਂ ਜਾਂ ਸੋਸ਼ਲ ਮੀਡੀਆ ਮੌਜੂਦਗੀ ਉੱਤੇ ਘੰਟਿਆਂ ਚਰਚਾ ਹੋ ਸਕਦੀ ਹੈ, ਪਰ ਪੰਜਾਬ ਦੇ ਪਿੰਡਾਂ ਵਿੱਚ ਮਰ ਰਹੇ ਨੌਜਵਾਨਾਂ ਉੱਤੇ ਕੋਈ ਰਾਸ਼ਟਰੀ ਬਹਿਸ ਨਹੀਂ ਹੁੰਦੀ। ਹੁਣ ਇੱਥੇ ਸਵਾਲ ਇਹ ਨਹੀਂ ਕਿ ਕੋਈ ਕਲਾਕਾਰ ਸਹੀ ਹੈ ਜਾਂ ਗਲਤ। ਅਸਲ ਸਵਾਲ ਇਹ ਹੈ ਕਿ ਕੀ ਪੰਜਾਬ ਕੋਲ ਇਸ ਤੋਂ ਵੱਡੇ ਮੁੱਦੇ ਨਹੀਂ ਹਨ? ਕੀ ਪੰਜਾਬ ਦੀ ਰਾਜਨੀਤੀ ਇੰਨੀ ਖਾਲੀ ਹੋ ਚੁੱਕੀ ਹੈ ਕਿ ਉਸਨੂੰ ਹੁਣ ਸਮਾਜਿਕ ਦਰਦ ਨਾਲੋਂ ਜ਼ਿਆਦਾ ਦਿਲਚਸਪੀ ਸੈਲੀਬ੍ਰਿਟੀ ਵਿਵਾਦਾਂ ਵਿੱਚ ਹੈ? ਇਹ ਸਿਰਫ਼ ਇੱਕ ਕਲਾਕਾਰ ਦੀ ਗੱਲ ਨਹੀਂ। ਇਹ ਉਸ ਸੋਚ ਦੀ ਗੱਲ ਹੈ ਜਿਸ ਵਿੱਚ ਸਮਾਜ ਦਾ ਧਿਆਨ ਅਸਲ ਸਮੱਸਿਆਵਾਂ ਤੋਂ ਹਟਾ ਕੇ ਮਨੋਰੰਜਨ ਅਤੇ ਭਾਵਨਾਤਮਕ ਉਤੇਜਨਾ ਵੱਲ ਮੋੜ ਦਿੱਤਾ ਜਾਂਦਾ ਹੈ। ਅੱਜ ਪੰਜਾਬ ਦਾ ਨੌਜਵਾਨ ਕਿਸੇ ਯੂਨੀਵਰਸਿਟੀ ਦੇ ਰਿਸਰਚ ਸਕਾਲਰ ਨਾਲੋਂ ਵੱਧ ਇੱਕ ਸੋਸ਼ਲ ਮੀਡੀਆ ਇੰਫਲੂਐਂਸਰ ਨੂੰ ਜਾਣਦਾ ਹੈ। ਇਹ ਸਿਰਫ਼ ਸੱਭਿਆਚਾਰਕ ਬਦਲਾਅ ਨਹੀਂ, ਇਹ ਬੌਧਿਕ ਪਤਨ ਹੈ।

ਅੱਜ ਪੰਜਾਬ ਦਾ ਕਿਸਾਨੀ ਸੰਕਟ — ਜਿਸਨੂੰ ਹੁਣ ਕੋਈ ਸੁਣਨਾ ਨਹੀਂ ਚਾਹੁੰਦਾ। ਕਦੇ ਪੰਜਾਬ ਦੀ ਰਾਜਨੀਤੀ ਦਾ ਕੇਂਦਰ ਕਿਸਾਨ ਹੁੰਦਾ ਸੀ। ਅੱਜ ਕਿਸਾਨ ਸਿਰਫ਼ ਧਰਨਿਆਂ ਅਤੇ ਚੋਣੀ ਭਾਸ਼ਣਾਂ ਤੱਕ ਸੀਮਿਤ ਹੋ ਗਿਆ ਹੈ। ਕਿਸਾਨ ਅਜੇ ਵੀ ਕਰਜ਼ੇ ਹੇਠ ਦੱਬਿਆ ਹੋਇਆ ਹੈ। ਖੇਤੀ ਦੀ ਲਾਗਤ ਵਧ ਰਹੀ ਹੈ। ਭੂਗਰਭ ਜਲ ਖਤਮ ਹੋ ਰਿਹਾ ਹੈ। ਪਰਾਲੀ ਦਾ ਹੱਲ ਨਹੀਂ। ਫਸਲੀ ਵਿਭਿੰਨਤਾ ਦੀਆਂ ਗੱਲਾਂ ਸਿਰਫ਼ ਕਾਗਜ਼ਾਂ ਵਿੱਚ ਹਨ। MSP ਦਾ ਭਵਿੱਖ ਅਜੇ ਵੀ ਅਧੂਰਾ ਹੈ।

ਅੱਜ ਇਹ ਮੁੱਦੇ ਟਰੈਂਡ ਨਹੀਂ ਬਣਦੇ। ਕਿਉਂਕਿ ਇਹਨਾਂ ਵਿੱਚ ਤਮਾਸ਼ਾ ਨਹੀਂ ਹੈ। ਇੱਕ ਕਿਸਾਨ ਦੀ ਮੌਤ ਨਾਲ TRP ਨਹੀਂ ਆਉਂਦੀ। ਇੱਕ ਪਿੰਡ ਦੀ ਬਰਬਾਦੀ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਕਲਿੱਪ ਨਹੀਂ ਬਣਦੀ ਤੇ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਹੁਣ ਸਮਾਜ ਵੀ ਕਿਸਾਨੀ ਸੰਕਟ ਨੂੰ ਆਮ ਗੱਲ ਸਮਝਣ ਲੱਗ ਪਿਆ ਹੈ। ਜਿਵੇਂ ਕਿਸਾਨ ਦਾ ਦੁੱਖ ਪੰਜਾਬ ਦੀ ਕਿਸਮਤ ਬਣ ਗਿਆ ਹੋਵੇ। ਇਹ ਸੰਵੇਦਨਹੀਨਤਾ ਕਿਸੇ ਵੀ ਸਮਾਜ ਲਈ ਖ਼ਤਰਨਾਕ ਹੁੰਦੀ ਹੈ। ਅੱਜ ਨੌਜਵਾਨ — ਜਾਂ ਤਾਂ ਨਸ਼ੇ ਵਿੱਚ ਜਾਂ ਵੀਜ਼ੇ ਦੀ ਲਾਈਨ ਵਿੱਚ ਹਨ। ਪੰਜਾਬ ਦੀ ਸਭ ਤੋਂ ਵੱਡੀ ਤਾਕਤ ਉਸਦਾ ਨੌਜਵਾਨ ਹੁੰਦਾ ਸੀ। ਅੱਜ ਉਹੀ ਨੌਜਵਾਨ ਦੋ ਹਿੱਸਿਆਂ ਵਿੱਚ ਵੰਡਿਆ ਦਿਖਾਈ ਦਿੰਦਾ ਹੈ — ਇੱਕ ਨਸ਼ਿਆਂ ਵਿੱਚ ਡੁੱਬ ਰਿਹਾ ਹੈ ਅਤੇ ਦੂਜਾ ਦੇਸ਼ ਛੱਡਣ ਦੀ ਤਿਆਰੀ ਵਿੱਚ ਹੈ।ਅੱਜ ਪਿੰਡਾਂ ਵਿੱਚ ਹਰ ਦੂਜੇ ਘਰ ਦਾ ਸੁਪਨਾ ਕੈਨੇਡਾ, ਆਸਟਰੇਲੀਆ ਜਾਂ ਇੰਗਲੈਂਡ ਹੈ। ਮਾਪੇ ਜ਼ਮੀਨ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਕਿਉਂਕਿ ਉਹਨਾਂ ਨੂੰ ਪੰਜਾਬ ਵਿੱਚ ਭਵਿੱਖ ਨਹੀਂ ਦਿਖਦਾ। ਇਹ ਸਿਰਫ਼ ਆਰਥਿਕ ਸੰਕਟ ਨਹੀਂ, ਇਹ ਵਿਸ਼ਵਾਸ ਦਾ ਸੰਕਟ ਹੈ। ਜਿਸ ਸੂਬੇ ਦਾ ਨੌਜਵਾਨ ਆਪਣੀ ਮਿੱਟੀ 'ਤੇ ਭਰੋਸਾ ਛੱਡ ਦੇਵੇ, ਉਸ ਸੂਬੇ ਦਾ ਭਵਿੱਖ ਖ਼ਤਰੇ ਵਿੱਚ ਹੁੰਦਾ ਹੈ।

ਅੱਜ ਦੂਜੇ ਪਾਸੇ ਨਸ਼ਿਆਂ ਨੇ ਪੰਜਾਬ ਦੀਆਂ ਨਸਾਂ ਵਿੱਚ ਜ਼ਹਿਰ ਭਰ ਦਿੱਤਾ ਹੈ। ਸਿੰਥੈਟਿਕ ਡਰੱਗਸ ਨੇ ਹਾਲਾਤ ਹੋਰ ਭਿਆਨਕ ਕਰ ਦਿੱਤੇ ਹਨ। ਹਰ ਸਰਕਾਰ ਨਸ਼ਾ ਖਤਮ ਕਰਨ ਦਾ ਦਾਅਵਾ ਕਰਦੀ ਹੈ, ਪਰ ਨਸ਼ੇ ਦਾ ਜਾਲ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਲੋਕਾਂ ਨੂੰ

ਬੇਅਦਬੀ ਸੋਧ ਐਕਟ 'ਤੇ ਇਤਰਾਜ਼: ਤੱਥਾਂ ਦੀ ਕਸੌਟੀ 'ਤੇ ਇੱਕ ਨਿਰਪੱਖ ਪੜਚੋਲ

ਪ੍ਰੋ: ਸਰਚਾਂਦ ਸਿੰਘ ਖਿਆਲਾ, 9781355522

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਅਕਤੀਗਤ ਤੇ ਵਿਚਾਰਧਾਰਕ ਮੱਤਭੇਦ ਤੋਂ ਇਨਕਾਰੀ ਨਹੀਂ, ਪਰ ਮੈਂ ਇੱਥੇ ਪੂਰੀ ਨਿਰਪੱਖਤਾ ਨਾਲ, ਆਪਣੀ ਸਮਝ ਮੁਤਾਬਕ, ਬੇਅਦਬੀ ਸੋਧ ਐਕਟ ਬਾਰੇ ਕੁਝ ਤੱਥ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਬੇਸ਼ੱਕ ਇਸ ਐਕਟ ਵਿੱਚ ਕੁਝ ਊਣਤਾਈਆਂ ਹੋ ਸਕਦੀਆਂ ਹਨ, ਜਿਨ੍ਹਾਂ 'ਤੇ ਗੰਭੀਰਤਾ ਨਾਲ ਵਿਚਾਰ ਹੋਣਾ ਚਾਹੀਦਾ ਹੈ। ਪਰ ਇਸ ਵੇਲੇ ਮੇਰਾ ਮਕਸਦ ਕੇਵਲ ਜਥੇਦਾਰ ਗੜਗੱਜ ਵੱਲੋਂ ਉਠਾਏ ਜਾ ਰਹੇ ਇਤਰਾਜ਼ਾਂ ਨੂੰ ਤੱਥਾਂ ਦੀ ਕਸੌਟੀ 'ਤੇ ਪਰਖਣਾ ਹੈ।

ਸਭ ਤੋਂ ਪਹਿਲਾ ਇਤਰਾਜ਼ ਸੋਧ ਐਕਟ 'ਚ "ਬੀੜ" ਦੀ ਥਾਂ "ਸਰੂਪ" ਲਫ਼ਜ਼ ਵਰਤੇ ਜਾਣ 'ਤੇ ਕੀਤਾ ਗਿਆ। ਇਹ ਵੀ ਕਿਹਾ ਗਿਆ ਕਿ "ਬੀੜ" ਲਫ਼ਜ਼ ਨੂੰ ਹਟਾਉਣਾ ਸਿੱਖ ਰਵਾਇਤਾਂ ਪ੍ਰਤੀ ਸਰਕਾਰ ਦੀ "ਗੈਰ-ਸੰਜੀਦਾ" ਪਹੁੰਚ ਹੈ। ਪਰ ਇਸ ਦੇ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਜੇ ਲੋੜ ਹੋਵੇ ਤਾਂ "ਸਰੂਪ" ਅਤੇ "ਸਰੂਪਾਂ" ਲਫ਼ਜ਼ਾਂ ਨੂੰ ਵੀ ਨਾਲ ਸ਼ਾਮਲ ਰੱਖਿਆ ਜਾਵੇ। ਹੁਣ ਸਵਾਲ ਇਹ ਹੈ ਕਿ ਜੇ "ਸਰੂਪ" ਜਾਂ "ਸਰੂਪਾਂ" ਲਫ਼ਜ਼ ਸ਼ਾਮਲ ਰੱਖਣ ਦੀ ਖੁੱਲ ਹੈ, ਤਾਂ ਫਿਰ "ਸਿੱਖ ਰਵਾਇਤਾਂ ਪ੍ਰਤੀ ਗੈਰ-ਸੰਜੀਦਾ ਪਹੁੰਚ" ਵਾਲਾ ਤਰਕ ਕਾਇਮ ਕਿਵੇਂ ਰਹਿੰਦਾ ਹੈ? ਅਸਲ ਵਿੱਚ "ਬੀੜ" ਹੋਵੇ ਜਾਂ "ਸਰੂਪ" ਦੋਵੇਂ ਹੀ ਸਿੱਖੀ ਪਰੰਪਰਾ ਵਿੱਚ ਵਰਤੇ ਜਾਂਦੇ ਲਫ਼ਜ਼ ਹਨ ਅਤੇ ਦੋਵੇਂ ਹੀ ਆਦਰਯੋਗ ਸੰਦਰਭ ਰੱਖਦੇ ਹਨ।

ਇਸ ਸਬੰਧ ਵਿੱਚ 9 ਅਪ੍ਰੈਲ 1998 ਨੂੰ ਜਥੇਦਾਰ ਭਾਈ ਰਣਜੀਤ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕੇਵਲ ਅਤੇ ਕੇਵਲ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਸਬੰਧੀ ਜਾਰੀ ਹੁਕਮਨਾਮਾ ਵੀ ਧਿਆਨ ਮੰਗਦਾ ਹੈ। ਉਸ ਹੁਕਮਨਾਮੇ ਵਿੱਚ ਵੀ "ਪਾਵਨ ਸਰੂਪਾਂ" ਦੀ ਹੀ ਗੱਲ ਕੀਤੀ ਗਈ ਹੈ, "ਬੀੜ" ਲਫ਼ਜ਼ ਨਹੀਂ ਵਰਤਿਆ ਗਿਆ। ਫਿਰ ਕੀ ਉਸ ਹੁਕਮਨਾਮੇ ਨੂੰ ਵੀ ਸਿੱਖ ਰਵਾਇਤਾਂ ਪ੍ਰਤੀ "ਗੈਰ-ਸੰਜੀਦਾ" ਪਹੁੰਚ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ?

ਦੂਜਾ ਇਤਰਾਜ਼ "ਕਸਟੋਡੀਅਨ" ਸ਼ਬਦ ਨੂੰ ਲੈ ਕੇ ਹੈ। ਕਿਹਾ ਗਿਆ ਕਿ ਇਸ ਪਰਿਭਾਸ਼ਾ ਰਾਹੀਂ ਬੇਅਦਬੀ ਦੀ ਜ਼ਿੰਮੇਵਾਰੀ "ਸਾਜ਼ਿਸ਼ੀ ਢੰਗ" ਨਾਲ ਉਹਨਾਂ ਉੱਤੇ ਹੀ ਤੈਅ ਕੀਤੀ ਜਾ ਰਹੀ ਹੈ, ਜਿਨ੍ਹਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੌਜੂਦ ਹੈ। ਭਾਵ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਗ੍ਰੰਥੀ ਸਿੰਘ, ਪਾਠੀ ਸਿੰਘ ਅਤੇ ਸੇਵਾਦਾਰਾਂ ਨੂੰ ਹੀ ਬੇਅਦਬੀ ਲਈ ਦੋਸ਼ੀ ਧਿਰ ਬਣਾਉਣ ਦੀ ਗੱਲ ਕਹੀ ਜਾ ਰਹੀ ਹੈ। ਜੇ ਇਸ ਇਤਰਾਜ਼ ਨੂੰ ਸੱਚ ਮੰਨ ਲਿਆ ਜਾਵੇ, ਤਾਂ 26 ਸਤੰਬਰ 2011 ਅਤੇ 15 ਜੁਲਾਈ 2024 ਨੂੰ ਜਾਰੀ ਉਹ ਹੁਕਮਨਾਮੇ, ਜਿਨ੍ਹਾਂ ਵਿੱਚ ਪਾਵਨ ਬੀੜਾਂ ਦੀ ਬੇਅਦਬੀ ਅਤੇ ਅਗਨ ਭੇਟ ਵਰਗੀਆਂ ਘਟਨਾਵਾਂ ਲਈ ਅਵਹੇਲਣਾ ਕਰਨ ਵਾਲੇ ਸਬੰਧਤ ਗੁਰੂ ਘਰ ਦੇ ਗ੍ਰੰਥੀ ਸਿੰਘ ਅਤੇ ਪ੍ਰਬੰਧਕਾਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਮੰਨਿਆ ਗਿਆ, ਉਹਨਾਂ ਦਾ ਕੀ ਹੋਵੇਗਾ? ਕੀ ਉਹ ਵੀ "ਸਾਜ਼ਿਸ਼ੀ ਢੰਗ" ਨਾਲ ਜ਼ਿੰਮੇਵਾਰੀ ਤੈਅ ਕਰਨ ਵਾਲੇ ਮੰਨੇ ਜਾਣਗੇ? ਕੀ ਉਹ ਹੁਕਮਨਾਮੇ ਵੀ ਰੱਦ ਕੀਤੇ ਜਾਣਗੇ? ਪਿਛਲੇ ਸਮੇਂ ਦੌਰਾਨ ਇਹ ਵੀ ਦੇਖਿਆ ਗਿਆ ਹੈ ਕਿ ਬੇਅਦਬੀ ਅਤੇ ਅਗਨੀਕਾਂਡ ਦੀਆਂ ਕਈ ਘਟਨਾਵਾਂ ਉੱਥੇ ਵਾਪਰੀਆਂ, ਜਿੱਥੇ ਗੁਰੂ ਘਰ ਦੇ ਗ੍ਰੰਥੀ ਸਿੰਘਾਂ ਅਤੇ ਪ੍ਰਬੰਧਕਾਂ ਵੱਲੋਂ ਟਹਿਲ-ਸੇਵਾ ਵਿੱਚ ਅਣਚਾਹੀ ਅਣਗਹਿਲੀ ਵਰਤੀ ਗਈ। ਅਜਿਹੀ ਸਥਿਤੀ ਵਿੱਚ ਕੀ ਗੁਰੂ ਘਰ ਦੇ ਗ੍ਰੰਥੀ ਸਿੰਘ ਅਤੇ ਪ੍ਰਬੰਧਕਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਹੋਣਾ ਚਾਹੀਦਾ? ਕੀ ਗੁਰੂ ਘਰ ਦੇ ਪ੍ਰਬੰਧਕ ਕੇਵਲ ਚੌਧਰ ਲਈ ਹਨ? ਕੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਤੋਂ ਉਨ੍ਹਾਂ ਨੂੰ ਮੁਕਤ ਕੀਤਾ ਜਾ ਸਕਦਾ ਹੈ? ਇਹ ਵੀ ਸੋਚਣ ਵਾਲੀ ਗੱਲ ਹੈ ਕਿ ਕੀ ਇਸ ਇਤਰਾਜ਼ ਦਾ ਮਕਸਦ ਗ੍ਰੰਥੀ ਸਿੰਘਾਂ, ਪ੍ਰਬੰਧਕ ਕਮੇਟੀਆਂ ਅਤੇ ਸੰਗਤ ਵਿੱਚ ਡਰ ਪੈਦਾ ਕਰਕੇ ਕਿਸੇ ਖ਼ਾਸ ਰਾਜਨੀਤਿਕ ਜਾਂ ਸੰਸਥਾਤਮਕ ਮਕਸਦ ਲਈ ਕਤਾਰਬੰਦੀ ਕਰਨਾ ਤਾਂ ਨਹੀਂ?

ਇੱਕ ਹੋਰ ਤਰਕ ਇਹ ਦਿੱਤਾ ਗਿਆ ਕਿ ਸਿਧਾਂਤਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ "ਕਸਟੋਡੀਅਨ" ਹੋ ਸਕਦੇ ਹਨ, ਪਰ ਕੋਈ ਮਨੁੱਖ ਗੁਰੂ ਸਾਹਿਬ ਜੀ ਦਾ "ਕਸਟੋਡੀਅਨ" ਕਿਵੇਂ ਹੋ ਸਕਦਾ ਹੈ। ਇਹ ਸਵਾਲ ਆਪਣੀ ਥਾਂ ਮਹੱਤਵਪੂਰਨ ਹੈ, ਪਰ ਫਿਰ 15 ਜੁਲਾਈ 2024 ਨੂੰ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਹਰੇਕ ਗੁਰਦੁਆਰਾ ਸਾਹਿਬ ਵਿੱਚ 24 ਘੰਟੇ ਪੱਕੇ ਤੌਰ 'ਤੇ ਸੇਵਾਦਾਰਾਂ ਦੀ ਡਿਊਟੀ ਯਕੀਨੀ ਬਣਾਉਣ ਵਾਲੇ ਹੁਕਮਨਾਮੇ ਨੂੰ ਕੀ ਕਿਹਾ ਜਾਵੇਗਾ? ਕੀ ਉਹ ਵੀ ਕਿਸੇ ਮਨੁੱਖੀ ਜ਼ਿੰਮੇਵਾਰੀ ਦੀ ਮਾਨਤਾ ਨਹੀਂ ਸੀ?

ਇਹ ਵੀ ਕਿਹਾ ਜਾ ਰਿਹਾ ਹੈ ਕਿ ਗੁਰੂ ਮਹਾਰਾਜ ਜੀ ਦਾ ਸਰੂਪ ਕਿਸ ਨੂੰ ਦੇਣਾ ਹੈ ਅਤੇ ਕਿਸ ਨੂੰ ਨਹੀਂ; ਸਿੱਖ ਰਹਿਤ ਮਰਿਆਦਾ ਦੀ ਪਾਲਣਾ ਕੌਣ ਕਰ ਰਿਹਾ ਹੈ ਜਾਂ ਨਹੀਂ — ਇਹ ਸਿੱਖਾਂ ਦਾ ਅੰਦਰੂਨੀ ਮਾਮਲਾ ਹੈ ਅਤੇ ਸਰਕਾਰ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਇਹ ਗੱਲ ਸਿਧਾਂਤਕ ਤੌਰ 'ਤੇ ਠੀਕ ਹੈ ਕਿ ਧਾਰਮਿਕ ਮਰਿਆਦਾ ਦਾ ਪ੍ਰਮੁੱਖ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਪਰ ਫਿਰ ਸਵਾਲ ਇਹ ਹੈ ਕਿ 328 ਪਾਵਨ ਸਰੂਪ ਕਿੱਥੇ ਹਨ? ਇਸ ਦਾ ਜਵਾਬ ਕੌਣ ਦੇਵੇਗਾ? ਇਸ ਕੁਤਾਹੀ ਲਈ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਕਿਉਂ ਨਹੀਂ?

ਪਾਵਨ ਬੀੜਾਂ ਨੂੰ ਵਿਲੱਖਣ ਪਛਾਣ ਨੰਬਰ ਲਗਾਉਣ ਨੂੰ ਪਾਵਨ ਬੀੜ ਦੇ ਮੂਲ ਸਰੂਪ ਨਾਲ ਛੇੜਛਾੜ ਦੇ ਤੁੱਲ ਦੱਸਿਆ ਗਿਆ। ਪਰ 19 ਮਈ 2016 ਨੂੰ ਗੁਰਦੁਆਰਾ ਰਾਮਸਰ ਵਿਖੇ ਹੋਏ ਅਗਨੀਕਾਂਡ ਵਿੱਚ, ਜਿੱਥੇ 80 ਸਰੂਪ ਨੁਕਸਾਨੇ ਗਏ, ਉਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਨੂੰ ਸਹੀ ਅੰਕੜਾ ਕਿਉਂ ਨਹੀਂ ਦੱਸਿਆ ਗਿਆ? ਜੇ ਉਸ ਵੇਲੇ ਪਾਵਨ ਬੀੜਾਂ ਨਾਲ ਵਿਲੱਖਣ ਪਛਾਣ ਨੰਬਰ ਲੱਗੇ ਹੁੰਦੇ, ਤਾਂ ਸਰੂਪਾਂ ਦੇ ਸਹੀ ਅੰਕੜੇ ਦਾ ਪਤਾ ਲਗਾਇਆ ਜਾ ਸਕਦਾ ਸੀ।

ਇਸੇ ਤਰ੍ਹਾਂ, ਜੇ ਪਾਵਨ ਬੀੜਾਂ ਨੂੰ ਵਿਲੱਖਣ ਪਛਾਣ ਨੰਬਰ ਲੱਗੇ ਹੁੰਦੇ, ਤਾਂ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਵਧੇਰੇ ਅੰਗਾਂ ਤੋਂ ਗੈਰ-ਅਧਿਕਾਰਕ ਤਰੀਕੇ ਨਾਲ ਤਿਆਰ ਕੀਤੇ ਗਏ 61 ਵੱਡੇ ਆਕਾਰੀ ਅਤੇ 125 ਦਰਮਿਆਨੇ ਆਕਾਰ ਦੇ ਸਰੂਪਾਂ ਕੁੱਲ 186 ਪਾਵਨ ਸਰੂਪਾਂ ਦੀ ਧੋਖਾਧੜੀ ਨਾ ਹੁੰਦੀ। ਕੀ ਵਿਲੱਖਣ ਪਛਾਣ ਨੰਬਰ ਨਾ ਲਗਾਉਣ ਦੀ ਵਕਾਲਤ ਕਰਨਾ ਚੋਰਾਂ ਲਈ ਖੁੱਲ੍ਹ ਮੰਗਣ ਦੇ ਬਰਾਬਰ ਨਹੀਂ? ਜੇ ਵਿਲੱਖਣ ਪਛਾਣ ਨੰਬਰ ਲਗਾਉਣ ਦੀ ਮੰਗ ਪਹਿਲਾਂ ਹੀ ਮੰਨ ਲਈ ਜਾਂਦੀ ਤਾਂ 328 ਪਾਵਨ ਸਰੂਪਾਂ ਦਾ ਮਾਮਲਾ ਇਸ ਤਰੀਕੇ ਨਾਲ ਨਾ ਵਾਪਰਦਾ। ਜਿਥੋਂ ਤਕ ਮਰਯਾਦਾ ਦੀ ਗਲ ਹੈ, ਵਿਲੱਖਣ ਪਛਾਣ ਨੰਬਰ ਲਗਾਉਣ ਲਈ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਵਿੱਚ ਨੈਨੋ ਚਿੱਪ ਜਾਂ ਹੋਰ ਸੁਰੱਖਿਅਤ ਤਕਨੀਕੀ ਵਿਵਸਥਾ ਸ਼ਾਮਲ ਹੋ ਸਕਦੀ ਹੈ। ਵੈਸੇ ਵੀ ਹੁਣ ਤੱਕ ਪਾਵਨ ਸਰੂਪਾਂ ਨੂੰ ਪਛਾਣ ਜਾਂ ਲੜੀ ਨੰਬਰ ਦਿੱਤੇ ਜਾਂਦੇ ਰਹੇ ਹਨ। ਉਦਾਹਰਨ ਵਜੋਂ ਸ਼੍ਰੋਮਣੀ ਕਮੇਟੀ ਦੇ ਗੁਰਮਤਿ ਲਿਟਰੇਚਰ ਹਾਊਸ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਸੱਤਵੀਂ, ਪਿੰਡ ਦੁਸਾਂਝ ਨੂੰ ਦਿੱਤੀਆਂ ਗਈਆਂ 10 ਦਰਮਿਆਨੇ ਸਾਈਜ਼ ਦੀਆਂ ਬੀੜਾਂ ਸਬੰਧੀ ਮਿਤੀ 8- 1-2016 ਨੂੰ ਕੱਟੇ ਗਏ ਬਿੱਲ ਨੰਬਰ : 27064 ਵਿੱਚ ਸਰੂਪਾਂ ਦੇ ਲੜੀ ਨੰਬਰ ਦਰਜ ਮਿਲਦੇ ਹਨ। ਇਹ ਬੀੜਾਂ ਡੇਰਾ ਰਾਜਾ ਨਾਭ ਕੰਵਲ ਵਿਖੇ ਸੁਸ਼ੋਭਿਤ ਪਾਈਆਂ ਗਈਆਂ ਹਨ।

ਇੱਕ ਹੋਰ ਇਤਰਾਜ਼ ਇਹ ਹੈ ਕਿ ਪੰਜਾਬ ਵਿਧਾਨ ਸਭਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਬੰਧੀ ਕੋਈ ਵੀ ਨਿਰਣਾ ਕਰਨ ਦਾ ਅਧਿਕਾਰ ਨਹੀਂ ਹੈ। ਜੇ ਇਹ ਗੱਲ ਮੰਨ ਲਈ ਜਾਵੇ, ਤਾਂ ਕੀ 2008 ਦਾ ਸਤਿਕਾਰ ਐਕਟ ਬਣਾਉਣ ਲਈ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਸ ਵੇਲੇ ਸਰਬਸੰਮਤੀ ਨਾਲ ਬਿੱਲ ਪਾਸ ਕਰਨ ਵਾਲੇ ਸਾਰੇ ਵਿਧਾਇਕਾਂ ਦੀ ਜਵਾਬਦੇਹੀ ਤੈਅ ਹੋਵੇਗੀ? ਪਾਵਨ ਸਰੂਪਾਂ ਦੇ ਭੌਤਿਕ ਅਤੇ ਇਲੈਕਟਰਾਨਿਕ ਰਿਕਾਰਡ ਬਾਰੇ ਵੀ ਗੰਭੀਰ ਸਵਾਲ ਹਨ। ਕਿਹਾ ਜਾ ਰਿਹਾ ਹੈ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਨਿਯਮ ਬਣੇ ਹੋਏ ਹਨ। ਪਰ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਚਾਰਟਰਡ ਅਕਾਊਂਟੈਂਟ ਐਸ.ਐਸ. ਕੋਹਲੀ ਫ਼ਰਮ ਵੱਲੋਂ ਕੀਤੀ ਗਈ ਕੁਤਾਹੀ ਨੇ ਸਾਰਾ ਸੱਚ ਸਾਹਮਣੇ ਰੱਖ ਦਿੱਤਾ। ਉਸ ਫ਼ਰਮ ਨੂੰ ਸ਼੍ਰੋਮਣੀ ਕਮੇਟੀ ਦਾ ਮੁਕੰਮਲ ਰਿਕਾਰਡ ਰੱਖਣ, ਕੰਪਿਊਟਰੀਕਰਨ, ਨਿਰੀਖਣ ਪ੍ਰਣਾਲੀ ਅਤੇ ਆਨਲਾਈਨ ਪ੍ਰਣਾਲੀ ਲਾਗੂ ਕਰਨ ਲਈ ਨੌਂ ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਸੀ, ਪਰ ਉਸ ਨੇ ਕੰਮ ਪੂਰਾ ਕਰਨਾ ਤਾਂ ਦੂਰ, ਇਸ ਨੂੰ ਸੰਜੀਦਗੀ ਨਾਲ ਵੀ ਨਹੀਂ ਲਿਆ। ਇਸ ਲਈ "ਸ਼੍ਰੋਮਣੀ ਕਮੇਟੀ ਵੱਲੋਂ ਇਸ ਦਾ ਪਹਿਲਾਂ ਹੀ ਉਚਿਤ ਪ੍ਰਬੰਧ ਕੀਤਾ ਹੋਇਆ ਹੈ" ਵਾਲਾ ਦਾਅਵਾ ਨਿਰਾ ਝੂਠਾ ਹੈ। ਐਸ.ਐਸ. ਕੋਹਲੀ ਫ਼ਰਮ ਸਬੰਧੀ ਇਹ ਗੱਲ ਪਹਿਲਾਂ ਹੀ ਬੇਨਕਾਬ ਹੋ ਚੁੱਕੀ ਹੈ ਅਤੇ ਅੱਜ ਤੱਕ ਵੀ ਇਹ ਰਿਕਾਰਡ ਅਧੂਰਾ ਹੈ। ਜਿੱਥੋਂ ਤੱਕ ਪਾਵਨ ਸਰੂਪਾਂ ਦੇ ਰਿਕਾਰਡ ਨੂੰ ਵੈੱਬਸਾਈਟ 'ਤੇ ਅੱਪਲੋਡ ਨਾ ਕਰਨ ਦੀ ਗੱਲ ਹੈ, ਇਹ ਸੋਧੇ ਗਏ ਐਕਟ ਵਿੱਚ ਸਰਕਾਰ ਨੂੰ ਦਿੱਤੀਆਂ ਗਈਆਂ ਨਿਯਮ ਬਣਾਉਣ ਵਾਲੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਹੱਲ ਕੀਤਾ ਜਾ ਸਕਦਾ ਹੈ। ਇਸ ਲਈ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਦੀ ਕੋਈ ਲੋੜ ਨਹੀਂ। ਇਸੇ ਦਾਇਰੇ ਵਿੱਚ "ਕਸਟੋਡੀਅਨ" ਅਤੇ ਹੋਰ ਸਬੰਧਤ ਮਾਮਲੇ ਵੀ ਵਿਚਾਰੇ ਜਾ ਸਕਦੇ ਹਨ। ਸੋਧੇ ਹੋਏ ਕਾਨੂੰਨ ਵਿੱਚ ਸਜ਼ਾ ਵਾਲੀ ਧਾਰਾ 'ਤੇ ਵੀ ਇਤਰਾਜ਼ ਕੀਤਾ ਗਿਆ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲੀਆਂ ਸਿੱਖ ਧਿਰਾਂ, ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਉੱਤੇ ਸਿੱਧੇ ਤੌਰ 'ਤੇ ਲਾਗੂ ਹੁੰਦੀ ਹੈ। ਪਰ 26 ਸਤੰਬਰ 2011 ਨੂੰ ਜਾਰੀ ਹੁਕਮਨਾਮੇ ਵਿੱਚ ਵੀ ਬੇਅਦਬੀ ਹੋਣ ਦੀ ਸੂਰਤ ਵਿੱਚ ਗੁਰੂ ਘਰ ਦੇ ਗ੍ਰੰਥੀ ਸਿੰਘ ਅਤੇ ਪ੍ਰਬੰਧਕਾਂ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਤੈਅ ਕੀਤਾ ਗਿਆ ਸੀ। ਕੀ ਉਸ ਹੁਕਮਨਾਮੇ 'ਤੇ ਵੀ ਇਤਰਾਜ਼ ਕੀਤਾ ਜਾਵੇਗਾ?

ਡਰਨ ਦੀ ਲੋੜ ਨਹੀਂ, 2008 ਦੇ ਐਕਟ ਵਿੱਚ ਇਹ ਵਿਵਸਥਾ ਮੌਜੂਦ ਸੀ ਕਿ ਰਾਜ ਸਰਕਾਰ ਜਾਂ ਉਸ ਦੇ ਅਧਿਕਾਰੀਆਂ ਵੱਲੋਂ "ਸੱਚੀ ਨੀਅਤ" ਨਾਲ ਕੀਤੀ ਗਈ ਕਾਰਵਾਈ ਲਈ ਕੋਈ ਮੁਕੱਦਮਾ ਜਾਂ ਕਾਰਵਾਈ ਨਹੀਂ ਹੋਵੇਗੀ। 2008 ਦੇ ਐਕਟ ਵਿੱਚ ਉਲੰਘਣਾ ਕਰਨ 'ਤੇ ਦੋ ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਵਿਵਸਥਾ ਵੀ ਮੌਜੂਦ ਸੀ। "ਸਟੋਰੇਜ" ਸ਼ਬਦ 'ਤੇ ਵੀ ਇਤਰਾਜ਼ ਕੀਤਾ ਗਿਆ ਹੈ। ਪਰ 2008 ਵਾਲੇ ਐਕਟ ਵਿੱਚ "ਸਟੋਰੇਜ" ਸ਼ਬਦ ਦੀ ਅੱਠ ਵਾਰ ਵਰਤੋਂ ਕੀਤੀ ਗਈ ਹੈ। ਇਸ ਦੀ ਜਵਾਬਤਲਬੀ ਕਦੋਂ ਹੋਵੇਗੀ? ਹਾਂ, ਇਹ ਗੱਲ ਜ਼ਰੂਰ ਵਿਚਾਰਯੋਗ ਹੈ ਕਿ "ਸਟੋਰੇਜ" ਦੀ ਥਾਂ ਪੰਜਾਬੀ ਵਿੱਚ "ਸੇਵਾ-ਸੰਭਾਲ" ਜਾਂ "ਸੁਖ ਆਸਣ" ਵਰਗੇ ਸ਼ਬਦ ਸ਼ਾਮਲ ਕੀਤੇ ਜਾ ਸਕਦੇ ਹਨ। ਜਿੱਥੋਂ ਤੱਕ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਨੂੰ ਗੈਰ-ਪ੍ਰਵਾਨਿਤ ਮੰਨਣ ਦੀ ਗੱਲ ਹੈ, ਤਾਂ 2008 ਦੇ ਐਕਟ ਵਿੱਚ, ਜਿੱਥੇ ਪਾਵਨ ਸਰੂਪਾਂ ਅਤੇ ਉਨ੍ਹਾਂ ਦੀ ਭੇਟਾ ਸਬੰਧੀ ਫ਼ੈਸਲਾ ਕੀਤਾ ਜਾਣਾ ਸੀ, ਉਸ ਤਿੰਨ ਮੈਂਬਰੀ ਕਮੇਟੀ ਵਿੱਚ ਕੇਵਲ ਇੱਕ ਮੈਂਬਰ ਦੀ ਚੋਣ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾਣੀ ਤੈਅ ਸੀ, ਜਦਕਿ ਦੋ ਮੈਂਬਰ ਡਿਪਟੀ ਕਮਿਸ਼ਨਰ ਵੱਲੋਂ ਮਨੋਨੀਤ ਕੀਤੇ ਜਾਣੇ ਸਨ। ਫਿਰ ਅੱਜ ਸਰਕਾਰੀ ਦਖ਼ਲਅੰਦਾਜ਼ੀ ਦਾ ਤਰਕ ਕਿਉਂ ਦਿੱਤਾ ਜਾ ਰਿਹਾ ਹੈ?

"ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਦਾਇਰੇ ਵਿੱਚ ਨਹੀਂ ਲਿਆਂਦਾ ਜਾ ਸਕਦਾ"— ਇਹ ਵੀ ਗੁਮਰਾਹਕੁੰਨ ਗੱਲ ਹੈ। ਸ਼੍ਰੋਮਣੀ ਕਮੇਟੀ ਖ਼ੁਦ ਸੰਵਿਧਾਨਕ ਅਤੇ ਕਾਨੂੰਨੀ ਪ੍ਰਬੰਧਾਂ ਅਧੀਨ ਹੋਂਦ ਵਿੱਚ ਆਈ ਸੰਸਥਾ ਹੈ। ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 142 ਅਧੀਨ ਦੀਵਾਨੀ ਮਾਮਲਿਆਂ ਵਿੱਚ ਸ਼੍ਰੋਮਣੀ ਕਮੇਟੀ ਖ਼ੁਦ ਗੁਰਦੁਆਰਾ ਕਮਿਸ਼ਨ ਨੂੰ ਕਾਨੂੰਨੀ ਤੌਰ 'ਤੇ ਜਵਾਬਦੇਹ ਹੈ। ਫ਼ੌਜਦਾਰੀ ਮਾਮਲਿਆਂ ਅਤੇ ਗੁਰਦੁਆਰਾ ਕਮਿਸ਼ਨ ਦੇ ਫ਼ੈਸਲਿਆਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ।

ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 114 ਅਨੁਸਾਰ ਸ਼੍ਰੋਮਣੀ ਕਮੇਟੀ ਫੰਡਾਂ ਬਾਬਤ ਆਮਦਨ-ਖ਼ਰਚ ਦਾ ਹਿਸਾਬ ਰੱਖਣ ਲਈ ਪਾਬੰਦ ਹੈ। ਧਾਰਾ 115 ਵਿੱਚ ਸਾਫ਼ ਹੈ ਕਿ ਧਾਰਾ 114 ਅਨੁਸਾਰ ਰੱਖੇ ਗਏ ਹਿਸਾਬ-ਕਿਤਾਬ ਦੀ ਪੜਤਾਲ ਅਤੇ ਮੁਆਇਨਾ ਹਰ ਸਾਲ ਇੱਕ ਵਾਰ ਉਸ ਆਡੀਟਰ ਵੱਲੋਂ ਕੀਤਾ ਜਾਵੇਗਾ, ਜਿਸ ਨੂੰ ਸੂਬਾ ਸਰਕਾਰ ਸਮੇਂ-ਸਮੇਂ 'ਤੇ ਨਿਯੁਕਤ ਕਰੇਗੀ। ਇਸ

ਨਿੱਜੀ ਘਰ ਅੰਦਰ ਕੀਤੀ ਜਾਤੀਸੂਚਕ ਟਿੱਪਣੀ ਐਸਸੀ/ਐਸਟੀ ਐਕਟ ਤਹਿਤ ਅਪਰਾਧ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ, 13 ਮਈ (ਚ.ਨ.ਸ): ਦੇਸ਼ ਦੀ ਸਰਵਉੱਚ ਅਦਾਲਤ, ਸੁਪਰੀਮ ਕੋਰਟ ਨੇ ਇੱਕ ਅਹਿਮ ਫੈਸਲਾ ਸੁਣਾਉਂਦਿਆਂ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਨਿੱਜੀ ਘਰ ਦੇ ਅੰਦਰ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਗਾਲੀ-ਗਲੌਚ ਕੀਤਾ ਜਾਂਦਾ ਹੈ ਤਾਂ ਉਸ ਨੂੰ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕੂ) ਐਕਟ, 1989 ਦੇ ਤਹਿਤ ਅਪਰਾਧ ਨਹੀਂ ਮੰਨਿਆ ਜਾਵੇਗਾ। ਅਦਾਲਤ ਨੇ ਕਿਹਾ ਕਿ ਇਸ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਕਿਸੇ ਮਾਮਲੇ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਣ ਲਈ ਇਹ ਲਾਜ਼ਮੀ ਹੈ ਕਿ ਅਜਿਹੀ ਘਟਨਾ ਕਿਸੇ ਅਜਿਹੀ ਜਗ੍ਹਾ 'ਤੇ ਵਾਪਰੀ ਹੋਵੇ ਜੋ ਜਨਤਕ ਨਜ਼ਰ ਵਿੱਚ ਹੋਵੇ। ਸੁਪਰੀਮ ਕੋਰਟ ਦੇ ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਤੇ ਜਸਟਿਸ ਐਨ.ਵੀ. ਅੰਜਾਰੀਆ ਦੇ ਬੈਂਚ ਨੇ ਦਿੱਲੀ ਦੇ ਚਾਰ ਵਿਅਕਤੀਆਂ ਵਿਰੁੱਧ ਦਰਜ ਐਫ.ਆਈ.ਆਰ. ਨੂੰ ਰੱਦ ਕਰਦਿਆਂ ਇਹ ਫੈਸਲਾ ਦਿੱਤਾ ਹੈ। ਇਸ ਮਾਮਲੇ ਦੇ ਵੇਰਵਿਆਂ ਅਨੁਸਾਰ, ਦਿੱਲੀ ਦੇ ਦੋ ਮਰਦਾਂ ਤੇ ਦੋ ਔਰਤਾਂ ਵਿਰੁੱਧ ਇੱਕ ਸ਼ਿਕਾਇਤਕਰਤਾ ਨੇ ਇਲਜ਼ਾਮ ਲਗਾਇਆ ਸੀ ਕਿ ਉਨ੍ਹਾਂ ਨੇ ਉਸਦੇ ਘਰ ਦਾ ਤਾਲਾ ਤੋੜਨ ਦੀ ਕੋਸ਼ਿਸ਼ ਕੀਤੀ ਤੇ ਉਸਨੂੰ ਤੇ ਉਸਦੀ ਪਤਨੀ ਨੂੰ ਜਾਤੀਸੂਚਕ ਗਾਲ੍ਹਾਂ ਕੱਢੀਆਂ। ਦਿਲਚਸਪ ਗੱਲ ਇਹ ਹੈ ਕਿ ਸ਼ਿਕਾਇਤਕਰਤਾ ਤੇ ਦੋ ਮੁਲਜ਼ਮ ਆਪਸ ਵਿੱਚ ਸਕੇ ਭਰਾ ਸਨ ਤੇ ਐਸ.ਸੀ. ਭਾਈਚਾਰੇ ਨਾਲ ਸਬੰਧਤ ਸਨ, ਜਦੋਂ ਕਿ ਮੁਲਜ਼ਮਾਂ ਦੀਆਂ ਪਤਨੀਆਂ ਗੈਰ-ਐਸ.ਸੀ./ਐਸ.ਟੀ. ਭਾਈਚਾਰੇ ਨਾਲ ਸਬੰਧਤ ਸਨ। ਹੇਠਲੀ ਅਦਾਲਤ ਨੇ ਮੁਲਜ਼ਮਾਂ ਵਿਰੁੱਧ ਐਸ.ਸੀ./ਐਸ.ਟੀ. ਐਕਟ ਦੀਆਂ ਧਾਰਾਵਾਂ 3(1)(r) ਤੇ 3(1)(s) ਸਮੇਤ ਆਈ.ਪੀ.ਸੀ. ਦੀਆਂ ਹੋਰ ਧਾਰਾਵਾਂ ਤਹਿਤ ਦੋਸ਼ ਤੈਅ ਕੀਤੇ ਸਨ। ਜਦੋਂ ਦਿੱਲੀ ਹਾਈ ਕੋਰਟ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਮੁਲਜ਼ਮਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

ਪਾਕਿ ਨੇ ਅਮਰੀਕੀ ਹਮਲਿਆਂ ਤੋਂ ਬਚਣ ਲਈ ਈਰਾਨੀ ਜਹਾਜ਼ਾਂ ਨੂੰ ਆਪਣੇ ਹਵਾਈ ਅੱਡਿਆਂ 'ਤੇ ਦਿੱਤੀ ਪਨਾਹ

ਇਸਲਾਮਾਬਾਦ/ਪੇਸ਼ਾਵਰ, 13 ਮਈ (ਚ.ਨ.ਸ): ਪਾਕਿਸਤਾਨ ਵੱਲੋਂ ਈਰਾਨ ਤੇ ਅਮਰੀਕਾ ਦਰਮਿਆਨ ਚੱਲ ਰਹੇ ਤਣਾਅ ਵਿਚਾਲੇ ਇੱਕ ਅਜਿਹਾ ਫੈਸਲਾ ਲਿਆ ਗਿਆ ਹੈ, ਜਿਸ ਨੇ ਕੌਮਾਂਤਰੀ ਪੱਧਰ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਪਾਕਿਸਤਾਨ ਨੇ ਅਧਿਕਾਰਤ ਤੌਰ 'ਤੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਸ ਨੇ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਦੌਰਾਨ ਈਰਾਨੀ ਫੌਜੀ ਜਹਾਜ਼ਾਂ ਨੂੰ ਆਪਣੇ ਰਣਨੀਤਕ ਹਵਾਈ ਅੱਡਿਆਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਸੀ। ਇਹ ਕਦਮ ਈਰਾਨੀ ਜਹਾਜ਼ਾਂ ਨੂੰ ਸੰਭਾਵੀ ਅਮਰੀਕੀ ਹਵਾਈ ਹਮਲਿਆਂ ਤੋਂ ਬਚਾਉਣ ਲਈ ਚੁੱਕਿਆ ਗਿਆ ਦੱਸਿਆ ਜਾ ਰਿਹਾ ਹੈ। ਇੱਕ ਰਿਪੋਰਟ ਮੁਤਾਬਿਕ ਜਿਸ ਦਾ ਜ਼ਿਕਰ image.png ਵਿੱਚ ਵੀ ਕੀਤਾ ਗਿਆ ਹੈ, ਪਾਕਿਸਤਾਨ ਨੇ ਉਸ ਸਮੇਂ ਈਰਾਨੀ ਫੌਜੀ ਜਹਾਜ਼ਾਂ ਨੂੰ ਆਪਣੇ ਰਨਵੇਅ 'ਤੇ ਖੜ੍ਹੇ ਹੋਣ ਦੀ ਇਜਾਜ਼ਤ ਦਿੱਤੀ ਜਦੋਂ ਉਹ ਖੁਦ ਇਸ ਜੰਗ ਨੂੰ ਖਤਮ ਕਰਨ ਲਈ ਇੱਕ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਸੀ। ਇਸ ਖੁਲਾਸੇ ਤੋਂ ਬਾਅਦ ਅਮਰੀਕਾ ਵਿੱਚ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲ ਰਹੀ ਹੈ। ਅਮਰੀਕੀ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਨੇ ਇਸ ਮਾਮਲੇ 'ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਪਾਕਿਸਤਾਨ ਨੂੰ ਵਿਚੋਲੇ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਸੈਨੇਟਰ ਗ੍ਰਾਹਮ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹ ਪਾਕਿਸਤਾਨ 'ਤੇ ਰੱਤਾ ਵੀ ਭਰੋਸਾ ਨਹੀਂ ਕਰਦੇ ਤੇ ਇਸੇ ਕਾਰਨ ਸ਼ਾਂਤੀ ਵਾਰਤਾ ਕਿਸੇ ਤਰਕਪੂਰਨ ਸਿੱਟੇ 'ਤੇ ਨਹੀਂ ਪਹੁੰਚ ਰਹੀ।

ਰਿਪੋਰਟਾਂ ਅਨੁਸਾਰ ਈਰਾਨ ਨੇ ਰਾਓ ਲਪਿੰਡੀ ਸਥਿਤ ਪਾਕਿਸਤਾਨੀ ਹਵਾਈ ਫੌਜ ਦੇ 'ਨੂਰ ਖਾਨ' ਏਅਰਬੇਸ 'ਤੇ ਆਪਣੇ ਕਈ ਮਹੱਤਵਪੂਰਨ ਜਹਾਜ਼ ਪਾਰਕ ਕੀਤੇ ਸਨ, ਜਿਨ੍ਹਾਂ ਵਿੱਚ ਜਾਸੂਸੀ ਕਰਨ ਵਾਲੇ ਜਹਾਜ਼ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਈਰਾਨ ਨੇ ਆਪਣੇ ਕੁਝ ਨਾਗਰਿਕ ਜਹਾਜ਼ਾਂ ਨੂੰ ਗੁਆਂਢੀ ਦੇਸ਼ ਅਫਗਾਨਿਸਤਾਨ ਵਿੱਚ ਵੀ ਭੇਜਿਆ ਸੀ ਤਾਂ ਜੋ ਉਨ੍ਹਾਂ ਨੂੰ ਹਮਲਿਆਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਹਾਲਾਂਕਿ ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਇਹ ਜਹਾਜ਼ ਜੰਗਬੰਦੀ ਦੌਰਾਨ ਆਏ ਸਨ ਤੇ ਇਨ੍ਹਾਂ ਦਾ ਕਿਸੇ ਫੌਜੀ ਗਤੀਵਿਧੀ ਨਾਲ ਕੋਈ ਸਬੰਧ ਨਹੀਂ ਹੈ।

ਓਲੰਪਿਕ ਕਾਂਸੀ ਤਮਗਾ ਜੇਤੂ ਪਹਿਲਵਾਨ ਸਾਕਸ਼ੀ ਮਲਿਕ ਨੇ ਵਿਨੇਸ਼ ਦੇ ਹੱਕ 'ਚ ਦਿੱਤਾ ਸਮਰਥਨ

ਨਵੀਂ ਦਿੱਲੀ, 13 ਮਈ (ਚ.ਨ.ਸ): ਓਲੰਪਿਕ ਕਾਂਸੀ ਤਮਗਾ ਜੇਤੂ ਪਹਿਲਵਾਨ ਸਾਕਸ਼ੀ ਮਲਿਕ ਨੇ ਭਾਰਤੀ ਕੁਸ਼ਤੀ ਮਹਾਂਸੰਘ (ਡਬਲਿਊ.ਐਫ.ਆਈ.) ਦੇ ਨਾਲ ਖੇਡਾਂ 'ਚ ਵਾਪਸੀ ਨੂੰ ਲੈ ਕੇ ਚੱਲ ਰਹੇ ਵਿਵਾਦ 'ਚ ਵਿਨੇਸ਼ ਫੋਗਾਟ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਦੁਨੀਆਂ ਭਰ 'ਚ ਮਾਂ ਬਣਨ ਤੋਂ ਬਾਅਦ ਔਰਤਾਂ ਨੂੰ ਵਾਪਸੀ ਲਈ ਨਿਯਮਾਂ 'ਚ ਢਿੱਲ ਦਿੱਤੀ ਜਾ ਰਹੀ ਹੈ, ਉਥੇ ਹੀ, ਦੂਜੇ ਪਾਸੇ ਵਿਨੇਸ਼ ਦਾ ਰਾਹ ਰੋਕਣ ਦੀ ਕੋਸ਼ਿਸ਼ ਹੋ ਰਹੀ ਹੈ। ਡਬਲਿਊ.ਐਫ.ਆਈ. ਵੱਲੋਂ ਅਯੋਗ ਐਲਾਨੇ ਜਾਣ ਦੇ ਬਵਜੂਦ ਵਿਨੇਸ਼ ਗੋਂਡਾ 'ਚ ਆਯੋਜਿਤ ਰਾਸ਼ਟਰੀ ਓਪਨ ਰੈਂਕਿੰਗ ਟੂਰਨਾਮੈਂਟ 'ਚ ਹਿੱਸਾ ਲੈਣ ਪਹੁੰਚੀ। ਮਹਾਂਸੰਘ ਨੇ ਉਸ ਨੂੰ ਲੰਬਾ ਕਾਰਨ ਦੱਸੋ ਨੋਟਿਸ ਜਾਰੀ ਕਰਦੇ ਹੋਏ ਕਿਹਾ ਕਿ ਡੋਪਿੰਗ ਰੈਂਕ ਨਿਯਮਾਂ ਦੇ ਤਹਿਤ ਸੰਨਿਆਸ ਤੋਂ ਬਾਅਦ ਵਾਪਸੀ ਕਰਨ ਵਾਲੇ ਖਿਡਾਰੀਆਂ ਲਈ ਲਾਜ਼ਮੀ 6 ਮਹੀਨੇ ਦੀ ਨੋਟਿਸ ਮਿਆਦ ਪੂਰੀ ਕੀਤੇ ਬਿਨਾਂ ਉਸ ਨੂੰ ਪ੍ਰਤੀਯੋਗਿਤਾ 'ਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। 10 ਮਹੀਨੇ ਦੇ ਬੇਟੇ-ਦੀ ਮਾਂ ਵਿਨੇਸ਼ ਨੇ ਨੋਟਿਸ ਦਾ ਜਵਾਬ ਦਿੰਦੇ ਹੋਏ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ ਹੈ, ਜਦਕਿ ਡਬਲਿਊ.ਐਫ.ਆਈ. ਆਪਣੇ ਰੁਖ਼ 'ਤੇ ਕਾਇਮ ਹੈ। ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਡਬਲਿਊ.ਐਫ.ਆਈ. ਦੇ ਤਤਕਾਲੀ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁੱਧ ਦੋਵਾਂ ਦੇ ਰਾਹ ਵੱਖ ਹੋ ਗਏ। ਸਾਕਸ਼ੀ ਨੇ ਸੋਸ਼ਲ ਮੀਡੀਆ 'ਤੇ ਜਾਰੀ ਵੀਡੀਓ 'ਚ ਕਿਹਾ ਕਿ ਮੈਥੋਂ ਇਸ ਮੁੱਦੇ 'ਤੇ ਰਾਏ ਮੰਗੀ ਗਈ ਸੀ ਤੇ ਮੈਂ ਪਿਛਲੇ ਦੋ-ਤਿੰਨ ਦਿਨਾਂ ਤੋਂ ਸੋਚ ਰਹੀ ਸੀ, ਕਿਉਂਕਿ ਵਿਨੇਸ਼ ਇੱਕ ਸਿਆਸੀ ਪਾਰਟੀ ਦੀ ਵਿਧਾਇਕ ਹੈ ਤੇ ਮੇਰਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਪਰ ਮੈਂ ਤੁਹਾਨੂੰ ਅਜਿਹੀਆਂ ਕਈ ਉਦਾਹਰਨਾਂ ਦੇ ਸਕਦੀ ਹਾਂ ਜਿੱਥੇ ਦੇਸ਼ਾਂ ਨੇ ਆਪਣੀਆਂ ਖਿਡਾਰਨਾਂ ਲਈ ਨਿਯਮਾਂ 'ਚ ਢਿੱਲ ਦਿੱਤੀ ਤਾਂ ਜੋ ਔਰਤਾਂ ਮਾਂ ਬਣਨ ਤੋਂ ਬਾਅਦ ਵੀ ਖੇਡ ਸਕਣ ਤੇ ਦੇਸ਼ ਲਈ ਤਮਗਾ ਜਿੱਤ ਸਕਣ।

ਹੋਏ ਚਰਚਿਤ ਅੰਦੋਲਨ ਦੇ ਦੌਰਾਨ ਸਾਕਸ਼ੀ, ਵਿਨੇਸ਼ ਦੀ ਕਰੀਬੀ ਸਹਿਯੋਗੀ ਸੀ। ਹਾਲਾਂਕਿ ਬਾਅਦ 'ਚ ਵਿਨੇਸ਼ ਦੇ ਕਾਂਗਰਸ 'ਚ ਸ਼ਾਮਲ ਹੋਣ ਤੋਂ ਬਾਅਦ ਦੋਵਾਂ ਦੇ ਰਾਹ ਵੱਖ ਹੋ ਗਏ। ਸਾਕਸ਼ੀ ਨੇ ਸੋਸ਼ਲ ਮੀਡੀਆ 'ਤੇ ਜਾਰੀ ਵੀਡੀਓ 'ਚ ਕਿਹਾ ਕਿ ਮੈਥੋਂ ਇਸ ਮੁੱਦੇ 'ਤੇ ਰਾਏ ਮੰਗੀ ਗਈ ਸੀ ਤੇ ਮੈਂ ਪਿਛਲੇ ਦੋ-ਤਿੰਨ ਦਿਨਾਂ ਤੋਂ ਸੋਚ ਰਹੀ ਸੀ, ਕਿਉਂਕਿ ਵਿਨੇਸ਼ ਇੱਕ ਸਿਆਸੀ ਪਾਰਟੀ ਦੀ ਵਿਧਾਇਕ ਹੈ ਤੇ ਮੇਰਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਪਰ ਮੈਂ ਤੁਹਾਨੂੰ ਅਜਿਹੀਆਂ ਕਈ ਉਦਾਹਰਨਾਂ ਦੇ ਸਕਦੀ ਹਾਂ ਜਿੱਥੇ ਦੇਸ਼ਾਂ ਨੇ ਆਪਣੀਆਂ ਖਿਡਾਰਨਾਂ ਲਈ ਨਿਯਮਾਂ 'ਚ ਢਿੱਲ ਦਿੱਤੀ ਤਾਂ ਜੋ ਔਰਤਾਂ ਮਾਂ ਬਣਨ ਤੋਂ ਬਾਅਦ ਵੀ ਖੇਡ ਸਕਣ ਤੇ ਦੇਸ਼ ਲਈ ਤਮਗਾ ਜਿੱਤ ਸਕਣ।

ਏ.ਡੀ.ਸੀ. ਵੱਲੋਂ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ

ਨਵਾਂਸ਼ਹਿਰ, 13 ਮਈ (ਸੁਖਦੇਵ ਸਿੰਘ ਉੜਾਪੜ): ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਤੇ ਜ਼ਿਲ੍ਹੇ ਵਿੱਚ ਸੜਕ ਹਾਦਸਿਆਂ ਨੂੰ ਘਟਾਉਣ ਲਈ ਕੀਤੇ ਜਾ ਰਹੇ ਉਪਾਵਾਂ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕ ਸੁਰੱਖਿਆ ਸਿਰਫ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਕੂਲਾਂ, ਕਾਲਜਾਂ, ਬਾਜ਼ਾਰਾਂ ਤੇ ਪਿੰਡਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣ ਤਾਂ ਜੋ ਲੋਕਾਂ, ਖਾਸ ਕਰਕੇ ਨੌਜਵਾਨਾਂ ਤੇ ਦੋਪਹੀਆ ਵਾਹਨ ਚਾਲਕਾਂ ਨੂੰ ਹੈਲਮਟ, ਸੀਟ ਬੈਲਟ ਤੇ ਨਸ਼ੇ ਵਿੱਚ ਗੱਡੀ ਨਾ ਚਲਾਉਣ ਦੇ ਮਹੱਤਵ ਬਾਰੇ ਦੱਸਿਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸੜਕਾਂ 'ਤੇ ਬਲੈਕ ਸਪਾਟਸ ਦੀ ਪਛਾਣ ਕਰਕੇ ਉਨ੍ਹਾਂ 'ਤੇ ਤੁਰੰਤ ਸੁਧਾਰਾਤਮਕ ਕਾਰਵਾਈ ਕਰਨ, ਸਪੀਡ ਬ੍ਰੇਕਰ, ਸਾਈਨ ਬੋਰਡ ਤੇ ਸਟਰੀਟ ਲਾਈਟਾਂ ਲਗਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਪੁਲਿਸ ਵਿਭਾਗ ਨੂੰ ਓਵਰ ਸਪੀਡਿੰਗ, ਓਵਰਲੋਡਿੰਗ ਤੇ ਨਾਬਾਲਗਾਂ ਵੱਲੋਂ ਵਾਹਨ ਚਲਾਉਣ 'ਤੇ ਸਖ਼ਤੀ ਨਾਲ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਹਫ਼ਤੇ ਤੇ ਹੋਰ ਮੁਹਿੰਮਾਂ ਦੌਰਾਨ ਸਿਵਲ ਸੁਸਾਇਟੀ, ਐਨ.ਜੀ.ਓਜ਼ ਤੇ ਸਵੈ-ਸੇਵੀ ਸੰਸਥਾਵਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਜੋ ਜਾਗਰੂਕਤਾ ਦਾ ਦਾਇਰਾ ਵਧਾਇਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਨੂੰ ਹਾਦਸੇ ਵਾਲੀਆਂ ਥਾਵਾਂ 'ਤੇ ਐਮਰਜੈਂਸੀ ਸੇਵਾਵਾਂ ਮਜ਼ਬੂਤ ਕਰਨ ਤੇ ਜ਼ਖਮੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਮੁਹੱਈਆ ਕਰਵਾਉਣ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਹਾਇਕ ਕਮਿਸ਼ਨਰ ਰਮਨਜੀਤ, ਆਰ.ਟੀ.ਓ. ਇੰਦਰ ਪਾਲ ਤੇ ਵੱਖ-ਵੱਖ ਦੇ ਅਧਿਕਾਰੀ ਹਾਜ਼ਰ ਸਨ।

ਜਲ ਸਪਲਾਈ ਕਾਮਿਆਂ ਦੀ ਪਾਲਿਸੀ ਉਪਰ ਰੋਸ ਕਾਰਵਾਈ ਨਾ ਕਰਨ ਦੇ ਰੋਸ ਵਜੋਂ 20 ਨੂੰ ਵਿੱਤ ਮੰਤਰੀ ਦੀ ਕੋਠੀ ਮੂਹਰੇ ਧਰਨਾ ਦੇਣ ਦਾ ਐਲਾਨ

ਗੜ੍ਹਦੀਵਾਲਾ, 13 ਮਈ (ਗੌਰਵ): ਅੱਜ ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ. 26 ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਪਰਦੀਪ ਸਿੰਘ ਖੱਖ, ਜ਼ਿਲ੍ਹਾ ਜਨਰਲ ਸਕੱਤਰ ਸ਼ਾਮ ਤੇ ਸੁੰਦਰ ਪਰਮਾਰ ਦੀ ਅਗਵਾਈ ਹੇਠ ਮਾਛੀਆ ਜਲ ਸਪਲਾਈ ਦਫਤਰ ਵਿਖੇ ਹੋਈ, ਜਿਸ ਉਪਰੰਤ ਜਥੇਬੰਦੀ ਦੀਆਂ ਮੰਗਾਂ 'ਤੇ ਖੁੱਲ੍ਹ ਕੇ ਚਰਚਾ ਹੋਈ। ਇਸ ਉਪਰੰਤ ਜਾਣਕਾਰੀ ਦਿੰਦਿਆਂ ਆਗੂਆਂ ਨੇ ਦੱਸਿਆ ਕਿ ਜਲ ਸਪਲਾਈ ਵਿਭਾਗ ਵਿੱਚ ਕੰਮ ਕਰਦੇ ਇਨਲਿਸਟਮੈਂਟ ਤੇ ਆਊਟਸੋਰਸ ਕਾਮਿਆਂ ਦੀ ਇੱਕੋ-ਇੱਕ ਮੰਗ ਇਨ੍ਹਾਂ ਕਾਮਿਆਂ ਨੂੰ ਵਿਭਾਗ ਵਿੱਚ ਸ਼ਾਮਲ ਕਰਕੇ ਰੈਗੂਲਰ ਕਰਨ ਵਾਲੀ ਪਾਲਿਸੀ ਸਰਕਾਰ ਵੱਲੋਂ ਲਾਗੂ ਨਹੀਂ ਕੀਤੀ ਜਾ ਰਹੀ, ਜਿਸ 'ਤੇ ਵਿਭਾਗ ਦੇ ਉਚ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਹਰ ਵਾਰੀ ਗੱਲ ਸਰਕਾਰ 'ਤੇ ਟਿਕ ਜਾਂਦੀ ਹੈ ਕਿ ਜੋ ਵੀ ਫੈਸਲਾ ਕਰਨਾ ਹੈ ਉਹ ਸਰਕਾਰ ਵੱਲੋਂ ਕੀਤਾ ਜਾਣਾ ਹੈ ਪਰ ਸਰਕਾਰ ਵੱਲੋਂ ਇਸ ਮੰਗ 'ਤੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਇਸ ਲਈ ਆਪਣੀ ਜਾਇਜ਼ ਮੰਗ ਦਾ ਹੱਲ ਕਰਵਾਉਣ ਲਈ ਜਥੇਬੰਦੀ ਵੱਲੋਂ 20 ਮਈ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਅੱਗੇ ਮਜਬੂਰਨ ਰੋਸ ਧਰਨਾ ਲਗਾਇਆ ਜਾਵੇਗਾ ਤੇ ਇਸ ਦੀ ਤਿਆਰੀ ਵਜੋਂ ਅੱਜ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਾਥੀਆਂ ਨੇ ਤਿਆਰੀ ਕਰ ਲਈ ਹੈ ਤੇ 20 ਮਈ ਦੇ ਧਰਨੇ ਵਿੱਚ ਵੱਧ ਚੜ੍ਹ ਕੇ ਸਾਥੀ ਸ਼ਾਮਲ ਹੋਣਗੇ। ਇਸ ਸਮੇਂ ਆਗੂਆਂ ਨੇ ਦੱਸਿਆ ਕਿ ਇਸ ਧਰਨੇ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਹੋਵੇਗੀ। ਜੇਕਰ ਮੌਕੇ 'ਤੇ ਲੋੜ ਪੈਂਦੀ ਹੈ ਤਾਂ ਧਰਨੇ ਨੂੰ ਕੋਈ ਹੋਰ ਰੂਪ ਵੀ ਦਿੱਤਾ ਜਾ ਸਕਦਾ। ਇਸ ਸਮੇਂ ਸ਼ਰਨਜੀਤ ਸਿੰਘ, ਕਮਲਜੀਤ ਸਿੰਘ, ਅਨਿਲ ਕੁਮਾਰ ਬ੍ਰਾਂਚ ਪ੍ਰਧਾਨ ਪਰਮਿੰਦਰ ਸਿੰਘ, ਅਸ਼ੋਕ ਕੁਮਾਰ, ਦੇਸਰਾਜ, ਜਗੀਰ ਸਿੰਘ, ਜਗਦਿਸ਼ ਸਿੰਘ, ਮਨਿੰਦਰ ਸਿੰਘ, ਰਣਦੀਪ ਸਿੰਘ ਧਨੋਆ, ਰਾਜ ਸਿੰਘ, ਦਿਲਬਾਗ ਸਿੰਘ, ਹਰਜੀਤ ਸਿੰਘ, ਸੰਦੀਪ ਠਾਕਰ, ਸਪਿੰਦਰ ਸਿੰਘ, ਹਰਜੀਤ ਸਿੰਘ, ਸੰਦੀਪ ਸਿੰਘ, ਅਰਵਿੰਦਰ ਸਿੰਘ, ਹਰਨੇਕ ਸਿੰਘ, ਅਸ਼ੋਕ ਕੁਮਾਰ, ਦੇਸਰਾਜ ਰਮਨ ਸੈਣੀ, ਰਣਜੀਤ ਸਿੰਘ, ਜਗਦੀਸ਼ ਸਿੰਘ ਆਦਿ ਹਾਜ਼ਰ ਸਨ।

ਪਿਕਅੱਪ ਤੇ ਆਟੋ ਦੀ ਭਿਆਨਕ ਟੱਕਰ, ਦਾਦੀ-ਪੋਤੇ ਸਮੇਤ ਤਿੰਨਾਂ ਦੀ ਮੌਤ

ਅਬੋਹਰ, 13 ਮਈ (ਚ.ਨ.ਸ): ਅਬੋਹਰ ਇਲਾਕੇ ਦੇ ਪਿੰਡ ਰਾਮਸਰਾ ਦੇ ਨੇੜੇ ਬੀਤੀ ਦੁਪਹ

ਔਰਤ ਨੂੰ ਵੱਢਣ 'ਤੇ ਕੁੱਤੇ ਪਾਲਣ ਵਾਲੇ ਡਾਕਟਰ ਖ਼ਿਲਾਫ਼ 32 ਦਿਨਾਂ ਬਾਅਦ ਮਾਮਲਾ ਦਰਜ

ਫਿਰੋਜ਼ਪੁਰ, 13 ਮਈ (ਚ.ਨ.ਸ): ਸਥਾਨਕ ਗੋਲਡਨ ਇਨਕਲੇਵ ਇਲਾਕੇ 'ਚ ਕੁੱਤਿਆਂ ਵੱਲੋਂ ਇੱਕ ਔਰਤ ਨੂੰ ਵੱਢੇ ਜਾਣ ਦੇ ਮਾਮਲੇ 'ਚ 32 ਦਿਨਾਂ ਬਾਅਦ ਪੁਲਿਸ ਨੇ ਕੁੱਤਿਆਂ ਨੂੰ ਪਾਲਣ ਵਾਲੇ ਡਾਕਟਰ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜ਼ਖ਼ਮੀ ਮਹਿਲਾ ਲੰਮਾ ਸਮਾਂ ਲੁਧਿਆਣਾ ਦੇ ਹਸਪਤਾਲ 'ਚ ਜ਼ੇਰੇ ਇਲਾਜ ਰਹੀ। ਬੀਤੀ 10 ਅਪ੍ਰੈਲ ਦੀ ਸ਼ਾਮ ਨੂੰ ਸਥਾਨਕ ਗੋਲਡਨ ਇਨਕਲੇਵ ਇਲਾਕੇ 'ਚ ਆਪਣੇ ਘਰ ਦੇ ਬਾਹਰ ਸੈਰ ਕਰ ਰਹੀ 42 ਸਾਲਾ ਦੀਪਿਕਾ 'ਤੇ ਇੱਕ ਦਰਜਨ ਦੇ ਕਰੀਬ ਅਵਾਰਾ ਕੁੱਤਿਆਂ ਨੇ ਹਮਲਾ ਕਰਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਲਹੂ-ਲੁਹਾਨ ਕਰ ਦਿੱਤਾ ਸੀ। ਕੁੱਤਿਆਂ ਨੇ ਦੀਪਿਕਾ ਦਾ ਖੱਬਾ ਹੱਥ ਇਸ ਕਦਰ ਨੋਚਿਆ ਕਿ ਉਸ ਦੀਆਂ ਨਾੜਾਂ ਬਾਹਰ ਆ ਗਈਆਂ ਤੇ ਗੋਡਿਆਂ 'ਤੇ ਵੀ ਡੂੰਘੇ ਜ਼ਖ਼ਮ ਕਰ ਦਿੱਤੇ। ਲੋਕਾਂ ਨੇ ਮੁਸ਼ਕਿਲ ਨਾਲ ਦੀਪਿਕਾ ਨੂੰ ਕੁੱਤਿਆਂ ਤੋਂ ਛੁਡਾਇਆ ਤੇ ਸਿਵਲ ਹਸਪਤਾਲ ਫਿਰੋਜ਼ਪੁਰ ਦਾਖ਼ਲ ਕਰਵਾਇਆ। ਜ਼ਖ਼ਮ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਡੀਐਮਸੀ ਲੁਧਿਆਣਾ ਰੈਫਰ ਕਰਨਾ ਪਿਆ, ਜਿੱਥੇ ਉਨ੍ਹਾਂ ਦੇ ਸੱਜੇ ਹੱਥ ਦੀ ਸਰਜਰੀ ਕੀਤੀ ਗਈ। ਪੀੜਤਾ ਮੁਤਾਬਿਕ ਉਨ੍ਹਾਂ 'ਤੇ ਹਮਲਾ ਕਰਨ ਵਾਲੇ 5-6 ਕੁੱਤੇ ਉਨ੍ਹਾਂ ਦੇ ਮੁਹੱਲੇ 'ਚ ਹੀ ਰਹਿੰਦੇ ਡਾ. ਮਨੀਸ਼ ਕੁਮਾਰ ਉਰਫ਼ ਨੰਦਾ ਵੱਲੋਂ ਪਾਲੇ ਹੋਏ ਸਨ ਤੇ ਬਾਕੀ ਅਵਾਰਾ ਸਨ, ਜਿਨ੍ਹਾਂ ਨੂੰ ਡਾਕਟਰ ਨੰਦਾ ਰੋਟੀ ਪਾਉਂਦੇ ਸਨ। ਉਹ ਵੀ ਉਨ੍ਹਾਂ ਦੇ ਘਰ ਦੇ ਬਾਹਰ ਬਣੇ ਸ਼ੈਡ 'ਚ ਰਹਿੰਦੇ ਸਨ। ਪੀੜਤ ਪਰਿਵਾਰ ਤੇ ਮੁਹੱਲਾ ਵਾਸੀਆਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਕਈ ਵਾਰ ਡਾ. ਨੰਦਾ ਨੂੰ ਕੁੱਤਿਆਂ ਨੂੰ ਰਿਹਾਇਸ਼ੀ ਇਲਾਕੇ ਤੋਂ ਬਾਹਰ ਰੱਖਣ ਦੀ ਅਪੀਲ ਕੀਤੀ ਸੀ। ਕਿਉਂਕਿ ਕੁੱਤਿਆਂ ਦੀ ਵੈਕਸੀਨੇਸ਼ਨ ਵੀ ਨਹੀਂ ਹੋਈ ਸੀ ਪਰ ਡਾਕਟਰ ਨੇ ਕਿਸੇ ਦੀ ਗੱਲ ਨਹੀਂ ਸੁਣੀ। ਐਡ. ਰੋਹਿਤ ਅਰੋੜਾ ਨੇ ਦੱਸਿਆ ਕਿ ਇਸ ਸਬੰਧੀ ਸਬੰਧਤ ਡਾਕਟਰ ਤੋਂ ਇਲਾਵਾ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਨੂੰ ਵੀ ਕਈ ਵਾਰ ਦੱਸਿਆ ਗਿਆ ਹੈ। ਪਰ ਉਨ੍ਹਾਂ ਵੀ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਹੈ। ਥਾਣਾ ਸਿਟੀ ਫਿਰੋਜ਼ਪੁਰ ਦੇ ਏਐਸਆਈ ਗੁਰਮੀਤ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਡਾ. ਮਨੀਸ਼ ਕੁਮਾਰ ਉਰਫ਼ ਨੰਦਾ ਖ਼ਿਲਾਫ਼ 125 ਤੇ 291 ਬੀਐਨਐਸ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਮੁਤਾਬਿਕ ਡਾਕਟਰ ਵੱਲੋਂ ਗਲੀ 'ਚ ਕੁੱਤਿਆਂ ਲਈ ਸ਼ੈਡ ਬਣਾਉਣਾ ਤੇ ਉਨ੍ਹਾਂ ਦੀ ਸਹੀ ਸਾਂਭ-ਸੰਭਾਲ ਨਾ ਕਰਨਾ ਸਰਾਸਰ ਅਣਗਹਿਲੀ ਹੈ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਫਿਲਹਾਲ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ।

ਈਰਾਨ ਵੱਲੋਂ ਅਮਰੀਕਾ ਨੂੰ ਚਿਤਾਵਨੀ, ਜੇ ਦੁਬਾਰਾ ਹਮਲਾ ਹੋਇਆ ਤਾਂ ਪ੍ਰਮਾਣੂ ਬੰਬ ਬਣਾਉਣ ਤੋਂ ਪਿੱਛੇ ਨਹੀਂ ਹਟਾਂਗੇ

☛ਯੂਰੇਨੀਅਮ 90% ਦੀ ਸ਼ੁੱਧਤਾ ਤੱਕ ਲਿਜਾਵਾਂਗੇ

ਨਵੀਂ ਦਿੱਲੀ, 13 ਮਈ (ਚ.ਨ.ਸ): ਪੱਛਮੀ ਏਸ਼ੀਆ 'ਚ ਪਿਛਲੇ ਇੱਕ ਮਹੀਨੇ ਤੋਂ ਕਾਇਮ ਜੰਗਬੰਦੀ ਹੁਣ ਟੁੱਟਣ ਕੰਢੇ ਪਹੁੰਚ ਗਈ ਹੈ। ਅਮਰੀਕਾ ਤੇ ਈਰਾਨ ਵਿਚਾਲੇ ਸ਼ਾਂਤੀ ਮਤਿਆਂ 'ਤੇ ਸਹਿਮਤੀ ਨਾ ਬਣਨ ਨਾਲ ਤਣਾਅ ਲਗਾਤਾਰ ਵੱਧ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੀ ਪੇਸ਼ਕਸ਼ ਨੂੰ ਖ਼ਾਰਜ ਕਰਦੇ ਹੋਏ ਸੰਕੇਤ ਦਿੱਤਾ ਕਿ ਜੰਗਬੰਦੀ ਹੁਣ ਗੰਭੀਰ ਸੰਕਟ 'ਚ ਹੈ ਤੇ ਜ਼ਿਆਦਾ ਦਿਨ ਟਿਕ ਨਹੀਂ ਪਾਵੇਗੀ। ਇਸ ਤੋਂ ਬਾਅਦ ਖਾੜੀ ਖੇਤਰ 'ਚ ਮੁੜ ਵੱਡੇ ਸੰਘਰਸ਼ ਦਾ ਖ਼ਦਸ਼ਾ ਡੂੰਘਾ ਹੋ ਗਿਆ। ਬਿਆਨ 'ਤੇ ਈਰਾਨ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਤਹਿਰਾਨ ਨੇ ਕਿਹਾ ਕਿ ਉਹ ਹਾਲੇ ਵੀ ਗੱਲਬਾਤ ਰਾਹੀਂ ਹੱਲ ਚਾਹੁੰਦਾ ਹੈ ਪਰ ਉਸ ਦੀਆਂ ਉਂਗਲੀਆਂ ਟ੍ਰਿਗਰ 'ਤੇ ਹਨ। ਈਰਾਨ ਨੇ ਚਿਤਾਵਨੀ ਦਿੱਤੀ ਕਿ ਜੇ ਉਸ 'ਤੇ ਦੁਬਾਰਾ ਹਮਲਾ ਹੋਇਆ ਤਾਂ ਉਹ ਪ੍ਰਮਾਣੂ ਬੰਬ ਬਣਾਉਣ ਤੋਂ ਪਿੱਛੇ ਨਹੀਂ ਹਟੇਗਾ। ਇਸੇ ਵਿਚਾਲੇ ਈਰਾਨ ਨੇ ਹੋਰਮੁਜ਼ 'ਤੇ ਆਪਣੇ ਰਣਨੀਤਕ ਕੰਟਰੋਲ ਦੇ ਘੇਰੇ ਨੂੰ ਦਾ ਵੀ ਵਿਸਥਾਰ ਕਰ ਦਿੱਤਾ ਹੈ। ਖਾੜੀ ਸੰਕਟ ਦੇ ਲੰਬਾ ਖਿੱਚਣ ਦਾ ਅਸਰ ਆਲਮੀ ਤੇਲ ਬਾਜ਼ਾਰ 'ਤੇ ਵੀ ਦਿਸਿਆ ਤੇ ਕੱਚੇ ਤੇਲ ਦੀਆਂ ਕੀਮਤਾਂ ਵੱਧ ਕੇ 108 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈਆਂ। ਉਥੇ ਹੀ, ਅਮਰੀਕਾ ਨੇ ਈਰਾਨ ਦੀ ਮਦਦ ਕਰਨ ਵਾਲੇ ਵਿਅਕਤੀਆਂ ਤੇ ਕੰਪਨੀਆਂ 'ਤੇ ਨਵੀਆਂ ਪਾਬੰਦੀਆਂ ਲਗਾਉਣ ਦਾ ਐਲਾਨ ਕੀਤਾ ਹੈ।ਸਰਕਾਰੀ ਏਜੰਸੀ ਫਾਰਸ ਨਿਊਜ਼ ਅਨੁਸਾਰ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (ਆਈਆਰਜੀਸੀ) ਜਲ ਸੈਨਾ ਨੇ ਹੋਰਮੁਜ਼ ਸਟਰੇਟ ਦੀ ਆਪਣੀ ਰਣਨੀਤਕ ਪਰਿਭਾਸ਼ਾ ਦਾ ਵਿਸਥਾਰ ਕਰਦੇ ਹੋਏ ਇਸ ਨੂੰ ਪਹਿਲਾਂ ਤੋਂ ਕਿਤੇ ਵੱਡਾ ਆਪ੍ਰੇਸ਼ਨਲ ਖੇਤਰ ਐਲਾਨਿਆ ਹੈ। ਆਈਆਰਜੀਸੀ ਜਲ ਸੈਨਾ ਦੇ ਉਪ-ਸਿਆਸੀ ਨਿਰਦੇਸ਼ਕ ਮੁਹੰਮਦ ਅਕਬਰਜਾਦੇਹ ਨੇ ਕਿਹਾ ਕਿ ਹੁਣ ਸਟਰੇਟ ਨੂੰ ਸਿਰਫ ਕੁਝ ਟਾਪੂਆਂ ਤੱਕ ਸੀਮਿਤ ਖੇਤਰ ਦੇ ਤੌਰ 'ਤੇ ਨਹੀਂ ਦੇਖਿਆ ਜਾਵੇਗਾ। ਉਨ੍ਹਾਂ ਅਨੁਸਾਰ ਪਹਿਲਾਂ ਹੋਰਮੁਜ਼ ਤੇ ਹੈਰਗਾਮ ਟਾਪੂਆਂ ਦੇ ਆਸਪਾਸ ਸੀਮਿਤ ਮੰਨੇ ਜਾਣ ਵਾਲੇ ਇਸ ਖੇਤਰ ਨੂੰ ਹੁਣ ਪੂਰਬ 'ਚ ਜਾਸਕ ਸ਼ਹਿਰ ਤੋਂ ਲੈ ਕੇ ਪੱਛਮ 'ਚ ਸੀਰੀ ਟਾਪੂ ਤੱਕ ਫੈਲਿਆ ਰਣਨੀਤਕ ਖੇਤਰ ਮੰਨਿਆ ਜਾਵੇਗਾ।

ਪਤੀ ਨੇ ਆਪਣੀ ਪਤਨੀ ਦੇ ਨਾਜਾਇਜ਼ ਸਬੰਧਾਂ ਤੋਂ ਪ੍ਰੇਸ਼ਾਨ ਹੋ ਕੇ ਦਿੱਤੀ ਜਾਨ

☛ਮਾਮਲੇ 'ਚ ਇਕ ਗ੍ਰਿਫ਼ਤਾਰ ਤੇ ਦੋ ਫ਼ਰਾਰ

ਪਠਾਨਕੋਟ, 13 ਮਈ (ਚ.ਨ.ਸ): ਪਿੰਡ ਤਾਰਾਗੜ੍ਹ ਵਿੱਚ ਪਤੀ ਨੇ ਆਪਣੀ ਪਤਨੀ ਦੇ ਕਥਿਤ ਨਾਜਾਇਜ਼ ਸਬੰਧਾਂ ਤੋਂ ਪ੍ਰੇਸ਼ਾਨ ਹੋ ਕੇ ਜਾਨ ਦੇ ਦਿੱਤੀ ਹੈ। ਮ੍ਰਿਤਕ ਦੀ ਪਛਾਣ ਰਮੇਸ਼ ਪਾਲ ਵਜੋਂ ਹੋਈ ਹੈ। ਰਮੇਸ਼ ਪਾਲ ਦੀ ਮਾਂ ਸ਼ਕੁੰਤਲਾ ਦੇਵੀ ਨੇ ਦੋਸ਼ ਲਗਾਇਆ ਕਿ ਉਸ ਦੀ ਨੂੰਹ ਦਾ ਪ੍ਰੇਮੀ ਵੀ ਉਸ ਦੇ ਪੁੱਤਰ ਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਸੀ। ਇਸ ਕਰਕੇ ਮਾਨਸਿਕ ਤਣਾਅ ਕਾਰਨ ਉਹ ਬੀਤੇ ਦਿਨੀਂ ਅੱਧੀ ਰਾਤ ਨੂੰ ਘਰ ਤੋਂ ਚਲਾ ਗਿਆ। ਇਸ ਤੋਂ ਬਾਅਦ ਪਰਿਵਾਰ ਨੇ ਉਸ ਦੀ ਭਾਲ ਸ਼ੁਰੂ ਕੀਤੀ ਪਰ ਕੋਈ ਵੀ ਸੁਰਾਗ ਨਾ ਲੱਗਿਆ। ਕਰੀਬ ਚਾਰ ਦਿਨ ਬਾਅਦ ਪਿੰਡ ਵਾਲਿਆਂ ਨੂੰ ਉਥੇ ਦਰਿਆ ਵਿੱਚ ਲਾਸ਼ ਤੈਰਦੀ ਮਿਲੀ। ਸੂਚਨਾ ਮਿਲਣ 'ਤੇ ਪਰਿਵਾਰਕ ਮੈਂਬਰ ਮੌਕੇ 'ਤੇ ਪੁੱਜੇ ਤੇ ਰਮੇਸ਼ ਪਾਲ ਨੂੰ ਪਛਾਣਿਆ। ਰਮੇਸ਼ ਪਾਲ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਪੁਲਿਸ ਨੇ ਉਸ ਦੀ ਪਤਨੀ ਜਸਵੰਤੀ ਨੂੰ ਗ੍ਰਿਫ਼ਤਰ ਕਰ ਲਿਆ ਹੈ, ਜਦੋਂ ਕਿ ਉਸ ਦਾ ਪ੍ਰੇਮੀ ਸ਼ਿਵਾ ਤੇ ਉਸ ਦਾ ਪਿਤਾ ਫ਼ਰਾਰ ਹਨ। ਮ੍ਰਿਤਕ ਦੀ ਮਾਂ ਸ਼ਕੁੰਤਲਾ ਦੇਵੀ ਨੇ ਦੱਸਿਆ ਕਿ ਉਸ ਦਾ ਪੁੱਤਰ 6 ਮਈ ਦੀ ਰਾਤ ਨੂੰ ਬਿਨਾਂ ਦੱਸੇ ਘਰ ਤੋਂ ਨਿਕਲ ਗਿਆ। ਅਗਲੇ ਦਿਨ 7 ਮਈ ਨੂੰ ਉਨ੍ਹਾਂ ਤਾਰਾਗੜ੍ਹ ਥਾਣੇ ਵਿੱਚ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ। ਇਸ ਤੋਂ ਬਾਅਦ 10 ਮਈ ਦੀ ਸ਼ਾਮ ਨੂੰ ਕਰੀਬ 7 ਵਜੇ ਸੂਚਨਾ ਮਿਲੀ ਕਿ ਅਦਾਲਤਗੜ੍ਹ ਕੋਲ ਦਰਿਆ ਅੰਦਰ ਉਸ ਦੀ ਲਾਸ਼ ਤੈਰ ਰਹੀ ਹੈ। ਥਾਣਾ ਮੁਖੀ ਦਵਿੰਦਰ ਕਾਸ਼ਨੀ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਜਸਵੰਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦ ਕਿ ਉਸ ਦਾ ਕਥਿਤ ਪ੍ਰੇਮੀ ਸ਼ਿਵਾ ਤੇ ਪਿਤਾ ਸਾਬੂ ਪੰਡਿਤ ਫ਼ਰਾਰ ਹਨ। ਉਨ੍ਹਾਂ ਨੂੰ ਵੀ ਜਲਦੀ ਕਾਬੂ ਕਰ ਲਿਆ ਜਾਵੇਗਾ।

ਨਗਰ ਨਿਗਮ ਦੀਆਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼

ਮੋਗਾ, 13 ਮਈ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਨਗਰ ਨਿਗਮ ਦੀਆਂ ਚੋਣਾਂ ਜੋ ਕਿ 26 ਤਰੀਕ ਨੂੰ ਹੋ ਰਹੀਆਂ ਹਨ, ਉਨ੍ਹਾਂ ਨੂੰ ਲੈ ਕੇ ਹਰ ਉਮੀਦਵਾਰ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਮੋਗਾ ਵਿੱਚ 50 ਵਾਰਡ ਹਨ ਤੇ ਹਰ ਪਾਰਟੀ ਵੱਲੋਂ ਆਪਣੇ-ਆਪਣੇ ਉਮੀਦਵਾਰ ਖੜ੍ਹੇ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਉਮੀਦਵਾਰਾਂ ਵੱਲੋਂ ਮੋਗਾ ਵਿੱਚ ਆਪਣੇ-ਆਪਣੇ ਵਾਰਡ ਦੇ ਲੋਕਾਂ ਨੂੰ ਮਿਲਣਾ-ਜੁਲਣਾ ਸ਼ੁਰੂ ਕਰ ਦਿੱਤਾ ਗਿਆ ਹੈ ਤੇ ਮੋਗਾ ਵਿੱਚ ਸਿਆਸੀ ਅਖਾੜਾ ਭੱਖ ਚੁੱਕਾ ਹੈ। ਆਪ ਵੱਲੋਂ ਕਾਂਗਰਸ ਵੱਲੋਂ ਬੀਜੇਪੀ ਵੱਲੋਂ ਤੇ ਅਕਾਲੀ ਦਲ ਵੱਲੋਂ 50 ਵਾਰਡਾਂ ਲਈ ਤੇ ਆਜ਼ਾਦ ਉਮੀਦਵਾਰਾਂ ਨੇ ਚੋਣ ਲੜਨ ਲਈ ਐਲਾਨ ਕਰ ਦਿੱਤਾ ਹੈ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਇੱਕ ਸਮਾਜ ਸੇਵੀ ਨੇ ਕਿਹਾ ਕਿ ਹਰ ਵਾਰਡ ਦੇ ਉਮੀਦਵਾਰ ਲੋਕਾਂ ਨਾਲ ਤਰ੍ਹਾਂ-ਤਰ੍ਹਾਂ ਦੇ ਵਾਅਦੇ ਕਰਦੇ ਨਜ਼ਰ ਆ ਰਹੇ ਹਨ ਤੇ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਰਹੇ ਹਨ, ਪਰ ਉਸ ਉਮੀਦਵਾਰ ਦਾ ਕਹਿਣਾ ਹੈ ਕਿ ਪੰਜ ਸਾਲ ਬਾਅਦ ਇਹ ਇਲੈਕਸ਼ਨ ਆਉਂਦੇ ਹਨ, ਕੋਈ ਵੀ ਲੋਕ ਇਨ੍ਹਾਂ ਦੇ ਲਾਲਚ 'ਚ ਆ ਕੇ ਵੋਟ ਨਾ ਪਾਓ ਤੇ ਜੋ ਤੁਹਾਨੂੰ ਸਹੀ ਉਮੀਦਵਾਰ ਲੱਗਦਾ ਹੈ, ਉਸ ਨੂੰ ਆਪਣੀ ਵੋਟ ਦੇਣਾ ਤਾਂ ਕਿ ਮੋਗਾ ਸ਼ਹਿਰ ਦੀ ਤਰੱਕੀ ਹੋ ਸਕੇ, ਬਾਕੀ 29 ਤਰੀਕ ਨੂੰ ਨਤੀਜਾ ਆਉਣ 'ਤੇ ਹੀ ਸਭ ਪਤਾ ਚੱਲੇਗਾ।

ਨਗਰ ਕੌਂਸਲ ਫ਼ਿਰੋਜ਼ਪੁਰ, ਜ਼ੀਰਾ, ਤਲਵੰਡੀ ਤੇ ਨਗਰ ਪੰਚਾਇਤ ਮੁੱਦਕੀ ਲਈ ਹੋਣਗੀਆਂ ਚੋਣਾਂ: ਡੀ.ਸੀ.

☛ਚੋਣਾਂ ਲਈ ਰਿਟਰਨਿੰਗ ਅਫ਼ਸਰ ਤੇ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ

ਫ਼ਿਰੋਜ਼ਪੁਰ, 13 ਮਈ (ਤਿਵਾੜੀ): ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਜਾਰੀ ਚੋਣ ਸ਼ਡਿਊਲ ਅਨੁਸਾਰ ਜ਼ਿਲ੍ਹਾ ਫ਼ਿਰੋਜ਼ਪੁਰ ਅਧੀਨ ਆਉਂਦੀਆਂ ਫ਼ਿਰੋਜ਼ਪੁਰ, ਜ਼ੀਰਾ, ਤਲਵੰਡੀ, ਮੁੱਦਕੀ ਨਗਰ ਕੌਂਸਲ/ਪੰਚਾਇਤ ਦੀਆਂ ਚੋਣਾਂ ਮਿਤੀ 26 ਮਈ 2026 ਨੂੰ ਕਰਵਾਈਆਂ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ ਚੋਣਾਂ ਨੂੰ ਸੁਚੱਜੇ, ਨਿਰਪੱਖ ਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਰਾਜ ਚੋਣ ਕਮਿਸ਼ਨ ਪੰਜਾਬ ਚੰਡੀਗੜ੍ਹ ਵੱਲੋਂ ਰਿਟਰਨਿੰਗ ਅਫ਼ਸਰ ਤੇ ਸਹਾਇਕ ਰਿਟਰਨਿੰਗ ਅਫ਼ਸਰ ਨਾਮਜ਼ਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਫ਼ਿਰੋਜ਼ਪੁਰ ਲਈ ਅਭਿਸ਼ੇਕ ਸ਼ਰਮਾ ਐਸ.ਡੀ.ਐਮ. ਫ਼ਿਰੋਜ਼ਪੁਰ ਨੂੰ ਰਿਟਰਨਿੰਗ ਅਫ਼ਸਰ ਤੇ ਪ੍ਰੀਆ ਰਾਣੀ ਨਾਇਬ ਤਹਿਸੀਲਦਾਰ ਫ਼ਿਰੋਜ਼ਪੁਰ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਨਗਰ ਕੌਂਸਲ ਜ਼ੀਰਾ ਲਈ ਐਸ.ਡੀ.ਐਮ. ਜ਼ੀਰਾ ਲਛਮਣ ਸਿੰਘ ਨੂੰ ਰਿਟਰਨਿੰਗ ਅਫ਼ਸਰ ਤੇ ਵਿਨੋਦ ਕੁਮਾਰ ਨਾਇਬ ਤਹਿਸੀਲਦਾਰ ਜ਼ੀਰਾ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਵਜੋਂ ਨਿਯੁਕਤ ਕੀਤਾ ਗਿਆ ਹੈ। ਨਗਰ ਕੌਂਸਲ ਤਲਵੰਡੀ ਭਾਈ ਲਈ ਨਵਦੀਪ ਸਿੰਗਲਾ ਐਕਸੀਅਨ ਪੀ.ਡਬਲਿਊ.ਡੀ. ਨੂੰ ਰਿਟਰਨਿੰਗ ਅਫ਼ਸਰ ਤੇ ਨਰਿੰਦਰ ਮੋਹਨ ਕੱਕੜ ਐਸ.ਡੀ.ਓ.ਪੀ.ਡਬਲਿਊ.ਡੀ. ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਨਗਰ ਪੰਚਾਇਤ ਮੁੱਦਕੀ ਲਈ ਜੋਨੀ ਖੰਨਾ ਐਕਸੀਅਨ ਵਾਟਰ ਸਪਲਾਈ ਤੇ ਸੈਨੀਟੇਸ਼ਨ ਨੂੰ ਰਿਟਰਨਿੰਗ ਅਫ਼ਸਰ ਤੇ ਪਰਮਪਾਲ ਸਿੰਘ ਨਾਇਬ ਤਹਿਸੀਲਦਾਰ ਨੂੰ ਸਹਾਇਕ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ।ਜ਼ਿਲ੍ਹਾ ਚੋਣ ਅਫ਼ਸਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ 13 ਤੋਂ 16 ਮਈ 2026 ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣਗੇ। 18 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ। 19 ਮਈ ਨੂੰ ਉਮੀਦਵਾਰ ਨਾਮਜ਼ਦਗੀ ਪੱਤਰ ਵਾਪਸ ਲੈ ਸਕਦੇ ਹਨ। 26 ਮਈ ਨੂੰ ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ ਵੋਟਾਂ ਪੈਣਗੀਆਂ ਤੇ 29 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਪੰਜਾਬ ਦੇ ਲੋਕ ਅੱਜ ਆਪਣੇ-ਆਪ ਨੂੰ ਠੱਗਿਆ ਤੇ ਲੁੱਟਿਆ ਹੋਇਆ ਮਹਿਸੂਸ ਕਰ ਰਹੇ ਹਨ, ਉਥੇ ਹੀ ਬਾਦਲ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਯਾਦ ਕਰ ਰਹੇ ਹਨ। ਲੋਕਾਂ ਵੱਲੋਂ ਪਿਛਲੇ ਸਮੇਂ ਤੋਂ ਜੋ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ, ਉਹ ਇਸ ਗੱਲ ਦਾ ਸਬੂਤ ਹੈ ਕਿ ਜਿੱਥੇ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ, ਉਥੇ ਹੀ ਇਨ੍ਹਾਂ ਨਗਰ ਕੌਂਸਲ ਚੋਣਾਂ ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਰਵਿੰਦਰ ਸਿੰਘ ਚੱਕ ਮੈਂਬਰ ਐਸਜੀਪੀਸੀ, ਬਿਕਰਮ ਸਿੰਘ ਅੱਲਾ ਬਖ਼ਸ਼, ਆਸਾ ਸਿੰਘ ਕੌਲੀਆਂ, ਕਿਰਪਾਲ ਸਿੰਘ ਗੋਰਾ, ਈਸ਼ਰ ਸਿੰਘ ਮੰਝਪੁਰ, ਲਖਵਿੰਦਰ ਸਿੰਘ ਟਿੰਮੀ, ਹਰਮਨਜੀਤ ਸਿੰਘ ਚੱਕ, ਗੁਰਜਿੰਦਰ ਸਿੰਘ ਚੱਕ, ਜਸਵਿੰਦਰ ਸਿੰਘ ਬਿੱਟੂ, ਰਘਵੀਰ ਸਿੰਘ ਮੁੰਦਰ, ਸੰਦੀਗਰ ਸਿੰਘ ਚਨੌਰ, ਬਲਜੀਤ ਸਿੰਘ ਲਾਡੂ, ਹਰਦਿਆਲ ਸਿੰਘ ਹਿਆਤਪੁਰ, ਯੁਗਪਾ

ਵੱਡੇ ਕਾਰੋਬਾਰੀ ਦੇ ਘਰ ਅਤੇ ਵਪਾਰਿਕ ਸਥਾਨਾਂ 'ਤੇ ਕੇਂਦਰੀ ਟੀਮ ਵੱਲੋਂ ਛਾਪਾ

ਲੁਧਿਆਣਾ, 13 ਮਈ (ਵਿਸ਼ਾਲ ਸ਼ਰਮਾ): ਲੁਧਿਆਣਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਦੀ ਟੀਮ ਨੇ ਲੁਧਿਆਣਾ ਦੇ ਇੱਕ ਵਡੇ ਕਾਰੋਬਾਰੀ ਦੇ ਘਰ ਅਤੇ ਵਪਾਰਿਕ ਥਾਂਵਾਂ 'ਤੇ ਛਾਪਾ ਮਾਰੇ, ਜਿਸ ਨਾਲ ਇਲਾਕੇ ਵਿੱਚ ਵਿਆਪਕ ਦਹਿਸ਼ਤ ਫੈਲ ਗਈ ਹੈ। ਰਿਪੋਰਟਾਂ ਅਨੁਸਾਰ ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਏਜੰਸੀ ਨੇ ਫਿਰੋਜ਼ਪੁਰ ਰੋਡ ਸਥਿਤ ਗ੍ਰੀਨ ਸਿਟੀ ਇਲਾਕੇ ਵਿੱਚ ਕਾਰੋਬਾਰੀ ਜਤਿੰਦਰ ਸਚਦੇਵਾ ਦੇ ਅਹਾਤੇ 'ਤੇ ਛਾਪਾ ਮਾਰਿਆ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਟੀਮ ਨੇ ਘਰ ਅਤੇ ਹੋਰ ਥਾਵਾਂ 'ਤੇ ਦਸਤਾਵੇਜ਼ਾਂ ਅਤੇ ਕਾਰੋਬਾਰੀ ਦੇ ਲੈਣ-ਦੇਣ ਦੀ ਜਾਂਚ ਕਰ ਰਹੀ ਹੈ। ਰਿਪੋਰਟਾਂ ਅਨੁਸਾਰ, ਕੇਂਦਰੀ ਏਜੰਸੀ ਨੇ ਸ਼ਹਿਰ ਵਿੱਚ ਕਾਰੋਬਾਰੀ ਦੇ ਹੋਰ ਸਥਾਨਾਂ 'ਤੇ ਵੀ ਇੱਕੋ ਸਮੇਂ ਛਾਪੇਮਾਰੀ ਕੀਤੀ ਹੈ।ਕਾਰਵਾਈ ਦੌਰਾਨ, ਟੀਮ ਨੇ ਕਈ ਦਸਤਾਵੇਜ਼ ਅਤੇ ਇਲੈਕਟ੍ਰਾਨਿਕ ਯੰਤਰ ਜ਼ਬਤ ਕੀਤੇ। ਏਜੰਸੀ ਵੱਲੋਂ ਇਸ ਸਮੇਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਕਾਰਵਾਈ ਅਤੇ ਇਸਦੇ ਕਾਰਨਾਂ ਬਾਰੇ ਸਪੱਸ਼ਟ ਜਾਣਕਾਰੀ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਾਹਮਣੇ ਆਵੇਗੀ।

ਵਰਧਮਾਨ ਸਟੀਲਜ਼ ਨੇ ਹੁਨਰ ਵਿਕਾਸ ਕੇਂਦਰ ਲਈ 8 ਲੱਖ ਰੁਪਏ ਦਾ ਚੈੱਕ ਡੀ.ਸੀ ਨੂੰ ਸੌਂਪਿਆ

ਲੁਧਿਆਣਾ, 13 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ/ਅਰਸ਼ ਸ਼ਰਮਾ): ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਆਪਣੇ ਸੀ.ਐਸ.ਆਰ ਪਹਿਲਕਦਮੀ ਪ੍ਰੋਜੈਕਟ ਨਾਰੀ ਸ਼ਕਤੀ ਦੇ ਤਹਿਤ ਅੱਜ ਮਿੰਨ੍ਹੀ ਸਕੱਤਰੇਤ ਲੁਧਿਆਣਾ ਵਿੱਚ ਹੁਨਰ ਵਿਕਾਸ ਕੇਂਦਰ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ 8 ਲੱਖ ਰੁਪਏ ਦਾ ਚੈੱਕ ਸੌਂਪਿਆ। ਇਹ ਚੈੱਕ ਸੀ.ਐਸ.ਆਰ ਮੁਖੀ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਅਮਿਤ ਧਵਨ ਨੇ ਚੇਅਰਮੈਨ ਵੀ.ਐਸ.ਐਲ ਸਚਿਤ ਜੈਨ ਦੀ ਤਰਫੋਂ ਸੌਂਪਿਆ ਗਿਆ। ਅਮਿਤ ਧਵਨ ਨੇ ਸਾਂਝਾ ਕੀਤਾ ਕਿ ਇਸ ਤੋਂ ਇਲਾਵਾ ਵਰਧਮਾਨ ਸਟੀਲਜ਼ ਟੀ.ਬੀ ਦੇ ਮਰੀਜ਼ਾਂ ਲਈ ਫੂਡ ਕਿੱਟਾਂ ਲਈ ਰੈੱਡ ਕਰਾਸ ਨੂੰ 6 ਲੱਖ ਰੁਪਏ ਅਤੇ ਪ੍ਰਸ਼ਾਸਨਿਕ ਡਾਕਟਰੀ ਸਹੂਲਤਾਂ ਦਾ ਸਮੱਰਥਨ ਕਰਨ ਲਈ ਆਪਣੀ ਸੀ.ਐਸ.ਆਰ ਪਹਿਲਕਦਮੀ ਦੇ ਤਹਿਤ 50 ਸਿਹਤ ਸੇਵਕਾਂ ਨੂੰ ਪ੍ਰਦਾਨ ਕਰੇਗਾ। ਉਨ੍ਹਾਂ ਸਾਂਝਾ ਕੀਤਾ ਕਿ ਵਰਧਮਾਨ ਸਟੀਲਜ਼ 100 ਝੁੱਗੀਆਂ-ਝੌਂਪੜੀਆਂ ਦੇ ਬੱਚਿਆਂ ਨੂੰ 30 ਲੱਖ ਰੁਪਏ ਪ੍ਰਤੀ ਸਾਲ ਦੀ ਸਹਾਇਤਾ ਨਾਲ ਜੀਵਨ ਭਰ ਮੁਫ਼ਤ ਸਿੱਖਿਆ ਦਾ ਵੀ ਸਮੱਰਥਨ ਕਰ ਰਿਹਾ ਹੈ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵਰਧਮਾਨ ਸਪੈਸ਼ਲ ਸਟੀਲਜ਼ ਅਤੇ ਸਚਿਤ ਜੈਨ ਦਾ ਅਜਿਹੇ ਨੇਕ ਕੰਮਾਂ ਵਿੱਚ ਸਮੱਰਥਨ ਲਈ ਦਿਲੋਂ ਧੰਨਵਾਦ ਕੀਤਾ।

'ਸਰਹਿੰਦ ਫ਼ਤਹਿ ਦਿਵਸ' ਬਾਬਾ ਬੰਦਾ ਸਿੰਘ ਬਹਾਦਰ ਦੀ ਦਸਮ ਪਿਤਾ ਦੇ ਥਾਪੜੇ ਨਾਲ ਹੋਈ ਜਿੱਤ ਦਾ ਪ੍ਰਤੀਕ : ਬਾਵਾ

ਲੁਧਿਆਣਾ, 13 ਮਈ (ਰਵਿੰਦਰ ਸਿੰਘ ਨਿੱਝਰ): ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ 316ਵਾਂ ਇਤਿਹਾਸਿਕ 'ਸਰਹਿੰਦ ਫਤਿਹ ਦਿਵਸ' ਦੇ ਦਿਹਾੜੇ 'ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਫਾਊਂਡੇਸ਼ਨ ਦੇ ਪ੍ਰਧਾਨ ਉੱਘੇ ਸਮਾਜਸੇਵੀ ਐੱਸ.ਪੀ. ਸਿੰਘ ਓਬਰਾਏ, ਜਥੇਦਾਰ ਰਣਜੀਤ ਸਿੰਘ ਗਹੌਰ-ਏ-ਮਸਕੀਨ, ਬਾਬਾ ਸਰਬਜੋਤ ਸਿੰਘ ਡਾਂਗੋ ਨਾਨਕਸਰ ਸਿਆੜ, ਜਥੇਦਾਰ ਬਾਬਾ ਬਲਵਿੰਦਰ ਸਿੰਘ ਜੀ ਗੁਰਦਾਸ ਨੰਗਲ ਗੜ੍ਹੀ, ਸੰਤ ਬਾਬਾ ਜਗਜੀਤ ਸਿੰਘ ਲੋਪੋ ਵਾਲੇ, ਸੰਤ ਦੀਪਕ ਸਿੰਘ ਦੌਧਰ, ਸੁਖਬੀਰ ਸਿੰਘ ਖਾਲਸਾ, ਸੰਤ ਬਲਵੀਰ ਸਿੰਘ ਲੰਮੇਜੱਟਪੁਰੇ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਵਿਸ਼ਾਲ 'ਫਤਿਹ ਮਾਰਚ' ਆਰੰਭ ਕੀਤਾ। ਜਿਸ ਵਿੱਚ ਨਹਿੰਗ ਸਿੰਘ ਘੋੜਿਆਂ ਸਮੇਤ ਸ਼ਾਮਿਲ ਸਨ। ਇਸ ਸਮੇਂ ਸਮੁੱਚੇ ਫਤਿਹ ਮਾਰਚ ਦੇ ਪ੍ਰਬੰਧਕ ਅਤੇ ਸੇਵਾਦਾਰ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ, ਇੰਚਾਰਜ ਇਕਬਾਲ ਸਿੰਘ ਗਿੱਲ , ਸਰਪ੍ਰਸਤ ਮਲਕੀਤ ਸਿੰਘ ਦਾਖਾ, ਕਨਵੀਨਰ ਜਸਵੰਤ ਸਿੰਘ ਛਾਪਾ ਅਤੇ ਤਰਨਜੀਤ ਸਿੰਘ ਨਿਮਾਣਾ, ਕਰਨੈਲ ਸਿੰਘ ਗਿੱਲ, ਹੇਮ ਰਾਜ ਗੋਇਲ, ਤ੍ਰਿਲੋਚਨ ਸਿੰਘ ਸਫਰੀ ਅਤੇ ਸੰਤੋਖ ਸਿੰਘ ਆਦਿ ਹਾਜ਼ਰ ਸਨ।ਇਸ ਸਮੇਂ ਜੱਥੇਦਾਰ ਮਸਕੀਨ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਦਮਦਮਾ ਸਾਹਿਬ ਤੋਂ ਨਿਹੰਗ ਮੁਖੀ ਬਾਬਾ ਜੋਗਿੰਦਰ ਸਿੰਘ ਸੇਵਾ ਨਿਭਾ ਰਹੇ ਹਨ। ਬਾਵਾ ਨੇ ਕਿਹਾ ਕਿ 14 ਮਈ ਨੂੰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ 'ਤੇ ਫਤਿਹ ਦਾ ਝੰਡਾ ਲਹਿਰਾਇਆ, ਉਸ ਦਿਨ ਦਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਦੇਣ ਦਾ ਸਤਿਕਾਰ ਕਰਦੇ ਹੋਏ ਹਰ ਕਿਸਾਨ ਆਪਣੀ ਘਰ 'ਤੇ ਦੇਸੀ ਘਿਓ ਦਾ ਇੱਕ ਦੀਵਾ ਜ਼ਰੂਰ ਬਾਲੇ ਅਤੇ ਘਰ ਵਿੱਚ ਬਾਬਾ ਜੀ ਦਾ ਚਿੱਤਰ ਸੁਸ਼ੋਭਿਤ ਕਰੇ।ਇਸ ਸਮੇਂ ਜਗਜੀਵਨ ਸਿੰਘ ਗਰੀਬ, ਜਗਦੀਪ ਸਿੰਘ ਥਿੰਦ, ਗੁਰਜੀਤ ਸਿੰਘ ਉਬਰਾਏ, ਗੁਰਮੇਲ ਸਿੰਘ ਰਕਬਾ, ਲੱਕੀ ਬਾਵਾ, ਰੇਸ਼ਮ ਸਿੰਘ ਸੱਗੂ, ਪੱਪੀ ਪੰਡੋਰੀ, ਹਰਿੰਦਰ ਸਿੰਘ ਕੁਲਾਰ, ਬਲਦੇਵ ਸਿੰਘ, ਜਗਦੀਸ਼ ਸਿੰਘ ਸਰਪੰਚ, ਸੁਖਵਿੰਦਰ ਸਿੰਘ ਜਗਦੇਵ ਪ੍ਰਧਾਨ ਫਾਊਂਡੇਸ਼ਨ ਲੁਧਿਆਣਾ, ਅਮਰਪਾਲ ਸਿੰਘ ਪ੍ਰਧਾਨ ਯੂਥ ਵਿੰਗ, ਸੋਨੀਆ ਅਰੋੜਾ, ਕਮਲਦੀਪ, ਬਲਦੇਵ ਸਿੰਘ ਢਾਡੀ, ਸੁਰਿੰਦਰ ਭਲਵਾਨ, ਅਮਨਦੀਪ ਬਾਵਾ, ਅਰਜਨ ਬਾਵਾ ਆਦਿ ਹਾਜ਼ਰ ਸਨ।

ਡੀ.ਸੀ. ਵੱਲੋਂ ਡੇਂਗੂ ਰੋਕਥਾਮ ਲਈ ਅਧਿਕਾਰੀਆਂ ਨੂੰ ਸਖ਼ਤ ਹੁਕਮ ਜਾਰੀ

ਲੁਧਿਆਣਾ, 13 ਮਈ (ਵਿਸ਼ਾਲ ਸ਼ਰਮਾ) : ਜ਼ਿਲ੍ਹੇ ਵਿੱਚ ਮੱਛਰਾਂ ਦੀ ਪ੍ਰਜਨਨ ਅਤੇ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਬੁੱਧਵਾਰ ਨੂੰ ਨਗਰ ਨਿਗਮ, ਨਗਰ ਕੌਂਸਲਾਂ, ਸਿਹਤ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਉਨ੍ਹਾਂ ਲੋਕਾਂ ਦੇ ਚਲਾਨ ਜਾਰੀ ਕਰਨ ਜੋ ਆਪਣੀ ਜਗ੍ਹਾ ਦੇ ਵਿੱਚ ਡੇਂਗੂ ਪੈਦਾ ਕਰਨ ਵਾਲੇ ਮੱਛਰਾਂ ਦੇ ਲਾਰਵੇ ਨੂੰ ਪ੍ਰਜਨਨ ਕਰਨ ਦਿੰਦੇ ਹਨ। ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਡੇਂਗੂ ਨੂੰ ਕੰਟਰੋਲ ਕਰਨ ਲਈ ਹਰ ਸੰਭਵ ਯਤਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਨਗਰ ਨਿਗਮ ਅਤੇ ਸਿਹਤ ਵਿਭਾਗ ਦੀਆਂ ਲਾਰਵੇ ਵਿਰੋਧੀ ਟੀਮਾਂ ਨੂੰ ਹਦਾਇਤ ਕੀਤੀ ਕਿ ਉਹ ਚੈਕਿੰਗ ਮੁਹਿੰਮਾਂ ਨੂੰ ਤੇਜ਼ ਕਰਨ ਅਤੇ ਜਿੱਥੇ ਵੀ ਲਾਰਵਾ ਪਾਇਆ ਜਾਂਦਾ ਹੈ, ਚਲਾਨ ਜਾਰੀ ਕੀਤਾ ਜਾਵੇ। ਹਿਮਾਂਸ਼ੂ ਜੈਨ ਨੇ ਅਧਿਕਾਰੀਆਂ ਨੂੰ ਲਾਪਰਵਾਹੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਉਲੰਘਣਾ ਕਰਨ ਵਾਲਿਆਂ ਪ੍ਰਤੀ ਕੋਈ ਨਰਮੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਟੀਮਾਂ ਨੂੰ ਘਰ-ਘਰ ਸਰਵੇਖਣ ਕਰਨ ਅਤੇ ਮੱਛਰਾਂ ਦੇ ਪ੍ਰਜਨਨ ਲਈ ਸੰਵੇਦਨਸ਼ੀਲ ਥਾਵਾਂ ਦਾ ਨਿਰੀਖਣ ਕਰਨ ਲਈ ਵੀ ਆਦੇਸ਼ ਦਿੱਤੇ। ਲਾਰਵਾ ਕਰਨ ਦੇ ਉਪਾਵਾਂ ਦੇ ਨਾਲ-ਨਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਵਸਨੀਕਾਂ ਨੂੰ ਮੱਛਰਾਂ ਦੇ ਪ੍ਰਜਨਨ ਸਥਾਨਾਂ ਜਿਵੇਂ ਕਿ ਫੁੱਲਾਂ ਦੇ ਗਮਲੇ, ਖਾਲੀ ਬਰਤਨ, ਟੀਨ, ਬੋਤਲਾਂ, ਫਰਿੱਜ, ਕੂਲਰ, ਟਾਇਰ, ਪਾਣੀ ਦੇ ਕੰਟੇਨਰ ਅਤੇ ਪੌਦੀਆਂ ਨੂੰ ਖਾਣ ਵਾਲੇ ਬਰਤਨਾਂ ਦੀ ਜਾਂਚ ਅਤੇ ਖਾਤਮੇ ਬਾਰੇ ਜਾਗਰੂਕ ਕਰਨ। ਵਸਨੀਕਾਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਇਨ੍ਹਾਂ ਥਾਵਾਂ ਦਾ ਨਿਰੀਖਣ ਅਤੇ ਸੁਕਾਉਣ ਦੀ ਸਲਾਹ ਦਿੱਤੀ ਗਈ। ਵਸਨੀਕਾਂ ਦੇ ਸਹਿਯੋਗ ਦੀ ਮੰਗ ਕਰਦੇ ਹੋਏ ਹਿਮਾਂਸ਼ੂ ਜੈਨ ਨੇ ਨਾਗਰਿਕਾਂ ਨੂੰ ਡੇਂਗੂ ਨੂੰ ਰੋਕਣ ਵਿੱਚ ਮੱਦਦ ਲਈ ਆਪਣੇ ਘਰਾਂ ਵਿੱਚ ਰੋਕਥਾਮ ਉਪਾਅ ਕਰਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਮੌਜੂਦ ਲੋਕਾਂ ਵਿੱਚ ਸਹਾਇਕ ਸਿਵਲ ਸਰਜਨ ਡਾ. ਵਿਵੇਕ ਕਟਾਰੀਆ, ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਜੀਵਨਦੀਪ ਸਿੰਘ ਅਤੇ ਹੋਰ ਅਧਿਕਾਰੀ ਸ਼ਾਮਲ ਸਨ।

ਸ਼ਿਵਾਲਿਕ ਮਾਡਲ ਸਕੂਲ ਦੀ ਵਿਦਿਆਰਥਣ ਮਾਨਵੀ ਨੇ ਜਗਰਾਓਂ ਵਿੱਚ ਤੀਜਾ ਸਥਾਨ ਹਾਸਲ ਕੀਤਾ

ਜਗਰਾਓਂ, 13 ਮਈ(ਵਿਸ਼ਾਲ ਅੱਤਰੇ ਆਰੀਅਨ ਅੱਤਰੇ):ਸ਼ਿਵਾਲਿਕ ਮਾਡਲ ਸਕੂਲ ਨੇ ਕਲਾਸ 10ਵੀਂ ਬੋਰਡ ਪ੍ਰੀਖਿਆਵਾਂ ਵਿੱਚ 100% ਨਤੀਜਾ ਹਾਸਲ ਕਰਕੇ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ।ਸ਼ਿਵਾਲਿਕ ਮਾਡਲ ਸਕੂਲ ਦੇ ਪ੍ਰਬੰਧਕਾਂ, ਸਟਾਫ ਅਤੇ ਵਿਦਿਆਰਥੀਆਂ ਨੇ ਕਲਾਸ 10ਵੀਂ ਬੋਰਡ ਪ੍ਰੀਖਿਆ ਦੇ ਸ਼ਾਨਦਾਰ ਨਤੀਜਿਆਂ 'ਤੇ ਬਹੁਤ ਖੁਸ਼ੀ ਪ੍ਰਗਟ ਕੀਤੀ। ਸਕੂਲ ਵੱਲੋਂ 100% ਨਤੀਜਾ ਪ੍ਰਾਪਤ ਕਰਨਾ ਪੂਰੇ ਸਕੂਲ ਪਰਿਵਾਰ ਲਈ ਮਾਣ ਵਾਲੀ ਗੱਲ ਬਣੀ।ਉੱਚ ਪ੍ਰਾਪਤੀ ਕਰਨ ਵਾਲੇ ਵਿਦਿਆਰਥੀਆਂ ਵਿੱਚ ਮਾਨਵੀ ਨੇ 650 ਵਿੱਚੋਂ 607 ਅੰਕ ਪ੍ਰਾਪਤ ਕਰਕੇ 93.38% ਅੰਕਾਂ ਨਾਲ ਸਕੂਲ ਵਿੱਚ ਪਹਿਲਾ ਅਤੇ ਜਗਰਾਓਂ ਇਲਾਕੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਮੁਕੁਲ ਨੇ 650 ਵਿੱਚੋਂ 595 ਅੰਕ ਪ੍ਰਾਪਤ ਕਰਕੇ 91.53% ਅੰਕਾਂ ਨਾਲ ਸਕੂਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਮੋਹਕ ਨੇ 650 ਵਿੱਚੋਂ 581 ਅੰਕ ਪ੍ਰਾਪਤ ਕਰਕੇ 89.50% ਅੰਕਾਂ ਨਾਲ ਸਕੂਲ ਵਿੱਚ ਤੀਜਾ ਸਥਾਨ ਹਾਸਲ ਕੀਤਾ।ਸਕੂਲ ਨੇ ਮਾਣ ਨਾਲ ਦੱਸਿਆ ਕਿ ਤਿੰਨ ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕੀਤੇ, ਜਦਕਿ ਗਿਆਰਾਂ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਹ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ, ਲਗਨ ਅਤੇ ਸਮਰਪਣ ਦਾ ਨਤੀਜਾ ਹੈ।ਇਸ ਮਾਣਮੱਤੇ ਮੌਕੇ 'ਤੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨੀਲਮ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਸਕੂਲ ਦੀ ਵਾਈਸ ਪ੍ਰੈਜ਼ੀਡੈਂਟ ਨੇ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਉਨ੍ਹਾਂ ਦੀ ਮਿਹਨਤ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਅਧਿਆਪਕਾਂ ਦੇ ਸਮਰਪਣ, ਮਾਰਗਦਰਸ਼ਨ ਅਤੇ ਨਿਰੰਤਰ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ। ਸਕੂਲ ਪ੍ਰਬੰਧਕਾਂ ਨੇ ਵਿਸ਼ਵਾਸ ਜਤਾਇਆ ਕਿ ਵਿਦਿਆਰਥੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਫਲਤਾਵਾਂ ਹਾਸਲ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕਰਦੇ ਰਹਿਣਗੇ।

ਗਲਾਡਾ ਦੇ ਏ.ਸੀ.ਏ. ਓਜਸਵੀ ਅਲੰਕਾਰ ਨੇ ਪੂਰੀ ਕੀਤੀ ਜਨਗਣਨਾ

ਲੁਧਿਆਣਾ, 13 ਮਈ (ਵਿਸ਼ਾਲ ਸ਼ਰਮਾ) : ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਓਜਸਵੀ ਅਲੰਕਾਰ, ਆਈਏਐਸ, ਨੇ ਜਨਗਣਨਾ 2027 ਦੇ ਤਹਿਤ ਸਵੈ-ਗਣਨਾ (ਐਸਈ) ਪ੍ਰਕਿਰਿਆ ਨੂੰ ਸਫਲਤਾਪੂਰਵਕ ਪੂਰਾ ਕਰ ਲਿਆ ਹੈ ਅਤੇ ਨਾਗਰਿਕਾਂ ਨੂੰ ਇਸ ਮਹੱਤਵਪੂਰਨ ਰਾਸ਼ਟਰੀ ਅਭਿਆਸ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਜਨਗਣਨਾ 2027 ਲਈ ਸਵੈ-ਗਣਨਾ ਪੜਾਅ 30 ਅਪ੍ਰੈਲ 2026 ਤੋਂ 14 ਮਈ 2026 ਤੱਕ ਅਧਿਕਾਰਤ ਪੋਰਟਲ se.census.gov.in ਰਾਹੀਂ ਕਰਵਾਇਆ ਜਾ ਰਿਹਾ ਹੈ। ਨਾਗਰਿਕ ਆਪਣੇ ਘਰਾਂ ਤੋਂ ਆਰਾਮ ਨਾਲ ਆਪਣੇ ਮੋਬਾਈਲ ਨੰਬਰ ਅਤੇ ਓਟੀਪੀ ਤਸਦੀਕ ਦੀ ਵਰਤੋਂ ਕਰਕੇ ਆਪਣੇ ਘਰੇਲੂ ਜਨਗਣਨਾ ਵੇਰਵੇ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਗੱਲਬਾਤ ਦੌਰਾਨ ਸ਼੍ਰੀ ਓਜਸਵੀ ਅਲੰਕਾਰ ਨੇ ਜ਼ੋਰ ਦੇ ਕੇ ਕਿਹਾ ਕਿ ਸਵੈ-ਗਣਨਾ ਇੱਕ ਭਾਗੀਦਾਰੀ ਪ੍ਰਸ਼ਾਸਨ ਹੈ ਜੋ ਪ੍ਰਸ਼ਾਸਨ ਨੂੰ ਮਜ਼ਬੂਤ ਕਰਦੀ ਹੈ ਅਤੇ ਪ੍ਰਸ਼ਾਸਨ ਨੂੰ ਸਹੀ ਵਿਕਾਸ ਯੋਜਨਾਬੰਦੀ ਵਿੱਚ ਮੱਦਦ ਕਰਦੀ ਹੈ।ਉਨ੍ਹਾਂ ਨੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਆਪਣੀ ਸਵੈ-ਗਣਨਾ ਪੂਰੀ ਕਰਨ ਅਤੇ ਦੂਜਿਆਂ ਨੂੰ ਵੀ ਹਿੱਸਾ ਲੈਣ ਲਈ ਉਤਸ਼ਾਹਿਤ ਕਰਨ।ਸਵੈ-ਗਣਨਾ ਦੌਰਾਨ ਨਾਗਰਿਕਾਂ ਨੂੰ ਘਰੇਲੂ ਅਤੇ ਪਰਿਵਾਰਕ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ।

ਡਾ. ਏ.ਵੀ.ਐਮ. ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫ਼ੀਸਦੀ ਰਿਹਾ

ਲੁਧਿਆਣਾ, 13 ਮਈ (ਰਵਿੰਦਰ ਸਿੰਘ ਨਿੱਝਰ): ਡਾ. ਏਵੀਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨੇੜੇ ਈਸਾ ਨਗਰੀ ਪੁੱਲੀ ਦਾ ਦਸਵੀਂ ਜਮਾਤ ਦਾ ਨਤੀਜਾ ਇਸ ਵਾਰ ਵੀ 100 ਫੀਸਦੀ ਰਿਹਾ।ਸਕੂਲ ਦੇ 107 ਵਿਦਿਆਰਥੀਆਂ ਵਿੱਚੋਂ ਅਨੁਸ਼ਕਾ ਨੇ 96.15 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਮੈਰਿਟ ਲਿਸਟ ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ। ਇਸਦੇ ਨਾਲ ਹੀ ਸਟੇਟ ਮੈਰਿਟ ਵਿੱਚ ਅ

ਸਿਰਲੇਖਵਾਰ ਇਸ਼ਤਿਹਾਰ/Classified Advertisement

Before The District Consumer Disputes Redressal Commission, 9-A, Opposite Nihal Bagh, Barandari, Patiala
Consumer Complaint No.: 19 of 2022
Date of Institution : 21.01.2022
Fixed for : 19.05.2026
Baltej Infra LLP
Versus
Akriti Equipments & ors.
1. Baltej Infra LLP, through its Authorized Partner Named Mehul Bansal S/o Sh. Manoj Kumar Bansal C/o # 16, Shivraj Niketan, Gautam Marg Vaishali Nagar, Jaipur ...Complainant
Versus
1. Akriti Equipments Office: C-5 Calibre Market Opp- Alpha Cinema Rajpura Through Its Chairman/ Director /Partner Or Authorized Representative, 2. Akriti Equipments Factory: Opp-HUL Ltd. Chandigarh Road Rajpura Through Its Chairman/Director/Partner Or Authorized Representative, 3. Mr. Om Prakash Patel Partner akriti Equipments Head Office: Near Railway Phatak Bachittar Nagar Rajpura, 4.Miss Chetna Sr. Sales Co-Ordinator Akriti Equipments Head Office: Near Railway Phatak Bachittar Nagar Rajpura, 5. Akriti Equipments Head Office Near Railway Phatak Bachittar Nagar RajpuraThroughIts Chairman/ Director/Partner Or Authorized Representative, 6. Amrendra Kumar Alleged Partner Akriti Equipments Head Office Near Railway Phatak Bachittar Nagar Rajpura ...Opposite Party
Whereas, in the above noted case, it has been proved to the satisfaction of this forum that the above mentioned Opposite Party i.e. 1. Akriti Equipments Office: C-5 Calibre Market Opp-Alpha Cinema Rajpura Through Its Chairman/Director/Partner Or Authorized Representative. 2. Akriti Equipments Factory: Opp-HUL Ltd. Chandigarh Road Rajpura Through Its Chairman/Director/Partner Or Authorized Representative. 3. Mr. Om Prakash Patel Partner akriti Equipments Head Office: Near Railway Phatak Bachittar Nagar Rajpura. 4.Miss Chetna Sr. Sales Co-Ordinator Akriti Equipments Head Office: Near Railway Phatak Bachittar Nagar Rajpura 5. Akriti Equipments Head Office Near Railway Phatak Bachittar Nagar RajpuraThroughits Chairman/ Director/Partner Or Authorized Representative 6. Amrendra Kumar Alleged Partner Akriti Equipments Head Office Near Railway Phatak Bachittar Nagar Rajpura cannot be served through ordinary manner Hence this proclamation under Order V, Rule 20 CPC is hereby issued against them with the direction to appear in person or through some authorized agent/ counsel, on 19.05.2026 at 10:30 A.M., failing which ex-parte proceedings shall be initiated against them and the complaint against them will be decided ex-parte.
Given under my hand and the seal of the Commission this 29th day of April 2026.
Sd/- President, Distt. Consumer Commission, Patiala

(U/o 5 Rule 20 CPC)
In the Court of Ms. Jashanpreet Kaur
Civil Judge Junior Division-3, Jalalabad
CNR No. PBFZB0-000645-2025
Next Date: 27.05.2026
Major Singh
Versus
M/s Vijay Kumar Ashwani Kumar
CS/283/2025
Notice to: 1 M/s Vijay Kumar Ashwani Kumar New Grain Market District Fazilka Through Pamters Sh Ashwani Kumar Alias Babbu Bajaj R/o Amir Khas Tehsil Jalalabad District Fazilka 2 M/S RAHUL AND SAGAR BAJAJ: Vill Amir Khas, Teh Jalalabad, 'Through Partner Rahul Bajaj S/o Ashwani Kumar R/o Vill Amir Khas Teh Jalalabad 3 Rahul Bajaj S/o Sh. Ashwani Kumar R/o Village House No 1066 ward No 3 Thana Bazar Jalalabad District Fazilka R/o Village Talwandi Bhai Tehsil Zira District Ferozepur 4 Sagar Bajaj S/o Sh Ashwani Kumar R/o Village Amir Khas Tehsil Jalalabad District Fazilka 5 Asha Rani W/o Sh Ashwani Kumar R/o Village House No 1066 ward no 3 Thana Bazar Jalalabad District Filka 6 Sonam W/o Rahul Bajaj S/o Sh Ashwani Kumar R/o Village House No 1066 ward no 3 Thana Bazar Jalalabad District Fazilka R/o Village Talwandi Bhai Tehsil Zira District Ferozepuer 7 Payal Bajaj W/o Sh Sagar Bajaj S/o Sh Ashwani Kumar R/o Village Amir Khas Tehsil Jalalabad District Fazilka 8 Rinku accountant firm M/S Rahul and Sagar Bajaj R/o Village Amir Khas Tehsil Jalalabad District Fazilka
In above titled case the defendant(s)/respondent(s) could not be served. It is ordered that defendant(s)/ respondent(s) should appear in person or through counsel on 27.05.2026 at 10:00 A.M.
For details logon to https://highcourtchd.gov.in/?mod=district_notice&district=Fazilkacourt
Dated this day of 11.05.2026
Sd/- Civil Judge Jr. Divn-3, Jalalabad.

(U/o 5 Rule 20 CPC)
In the Court of Ms. Geetanshu,
Civil Judge (Junior Division)-IV, Barnala.
CNR No. PBBR02-000744-2024
Next Date: 27.05.2026
Darshan Singh
Versus
Chamkaur Singh
Notice to: 1) Dalip Singh S/o Bhagi S/o Sadda Singh R/o Chuhar Patti Thulliwal Teh and Distt Barnala, 2) Juala Singh S/O Partap Singh S/ O Heera Singh R/O Chuhar Patti Thulliwal Teh and Distt Barnala, 3) Gurnam Kaur Wd/o Arjan Singh R/o Chuhar Patti Thulliwal Teh and Distt Barnala, 4) Kaur Singh S/o Arjan Singh R/o Chuhar Patti Thulliwal Teh and Distt Barnala, 5) Gurdev Kaur D/o Arjan Singh R/O Chuhar Patti Thulliwal Teh and Distt Barnala, 6) Beer Kaur D/O Arjan Singh R/O Chuhar Patti Thulliwal Teh and Distt Barnala, 7) Tej Kaur D/O Arjan Singh R/O Chuhar Patti Thulliwal Teh And Distt Barnala, 8) Gurpreet Kaur Wd/o Raja Singh S/O Bhan Singh R/O Chuhar Patti Thulliwal Teh And Distt Barnala, 9) Sukhpal Kaur D/O Raja Singh S/O Bhan Singh R/O Chuhar Patti Thulliwal Teh And Distt Barnala, 10) Sarwan Singh S/O Hira Singh R/ O Chuhar Patti Thulliwal Teh And Distt Barnala, 11) Gurcharan Singh S/O Gurdev Singh S/O Arjan Singh R/O Chuhar Patti Thulliwal Teh And Distt Barnala, 12) Ujagar Singh S/O Gurdev Singh S/O Arjan Singh R/ O Chuhar Patti Thulliwal Teh And Distt Barnala, 13) Najar Singh S/O Gurdev Singh S/O Arjan Singh R/O Chuhar Patti Thulliwal Teh And Distt Barnala, 14) Sudagar Singh S/ O Gurdev Singh S/O Arjan Singh R/O Chuhar Patti Thulliwal Teh And Distt Barnala, 15) Gurcharan Kaur D/O Gurdev Singh S/O Arjan Singh R/O Chuhar Patti Thulliwal Teh And Distt Barnala, 16) Swaran Kaur D/O Gurdev Singh S/O Arjan Singh R/O Chuhar Patti Thulliwal Teh And Distt Barnala, 17) Bhajan Kaur D/O Gurdev Singh S/O Arjan Singh R/O Chuhar Patti Thulliwal Teh And Distt Barnala, 18) Karnail Kaur D/o Gurdev Singh S/O Arjan Singh R/O Chuhar, Patti Thulliwal Teh And Distt Barnala, 19) Gurmel Kaur D/O Gurdev Singh S/O Arjan Singh R/O Chuhar Patti Thulliwal Teh And Distt Barnala, 20) Ranjeet Kaur Widow Of Gurdev Singh S/O Arjan Singh R/O Chuhar Patti Thulliwal Teh And Distt Barnala, 21) Mukhtiar Kaur Widow Of Major Singh S/O Jangir Singh R/O Chuhar Patti Thulliwal Teh And Distt Barnala, 22) Achhar Kaur D/O Major Singh S/O Jangir Singh R/O Chuhar Patti Thulliwal Teh And Distt Barnala, 23) Sarbjeet Kaur D/O Major Singh S/O Jangir Singh R/O Chuhar Patti Thulliwal Teh And Distt Barnala.
In above titled case the defendant(s)/respondent(s) could not be served. It is ordered that defendant(s)/ respondent(s) should appear in person or through counsel on 27.05.2026 at 10:00 A.M.
For details logon to https://highcourtchd.gov.in/?mod=district_notice&district=barnala
Dated, this day of 12-05-2026
Sd/- Civil Judge (Jr. Divn.)-IV. Barnala.

In the Court of Sh. Sanjay Agnihotri Principal Judge Family Court Faridkot
CNR No. PBFD01-002422-2025
Next Date: 15.07.2026
Case no. MNT125/79/2025
Seema Rani
Versus
Jagseer Ram
Notice To: Jagsir Ram S/o Heera Lal R/o Vill. Khara Teh. Kotkapura Distt. Faridkot Now residing in Adultery with Rajpal Kaur w/o Late Harpal Singh S/o Karnail Singh R/o Vill. Daggo Romana , Distt. Faridkot
In above titled case the accused could not be served. It is ordered that accused should appear in person or through counsel on 15.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-05-2026
Sd/- Principal Judge Family Court Faridkot

In the Court of Sh. Sukhmandeep Singh Judicial Magistrate First Class-3 Abohar
CNR No. PPBFZE1-00282026
Next Date: 02.07.2026
NACT/13-2026
Detail of offence :-138NIACT
Madhav Goyal
Versus
Sandeep Kumar Dhuria
Notice to :1) Sandeep Kumar Dhuria S/o Kewal Krishan Prop M/s Samriddhi Street No. 6/7 New Suraj Nagri 7TH Chowk Teh. Abohar Distt. Fazilka
In above titled case the accused could not be served. It is ordered that accused should appear in person or through counsel on 02.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2026
Sd/- JMIC-3 Abohar

In the Court of Sh. Sukhmandeep Singh Judicial Magistrate First Class-3 Abohar
CNR No. PPBFZE1-005612025
Next Date: 02.07.2026
NACT/1877/2025
Detail of offence :-138NIACT
Cholamandlam Investment and Finance Company Ltd.
Versus
Geja Singh
Notice to :Geja Singh S/o Veer Singh R/o Vill. Enna Khera NR Balmik Mandir Tehsil Malout Distt. Muktsar Sahib
In above titled case the accused could not be served. It is ordered that accused should appear in person or through counsel on **02**.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2025
Sd/- JMIC-3, Abohar

In the Court of Sh. Sukhmandeep Singh Judicial Magistrate First Class-3 Abohar
CNR No. PBFZE1-005003-2025
Next Date: 02.07.2026
NACT/1641/2025
Sahyog Credit Co Operative Society
Versus
Ankit
Notice to :Ankit :- S/o anish kumar R/o ankit Karyana Store Near bharawa da dhaba, abohar tehsil abohar district fazilka
In above titled case the accused could not be served. It is ordered that accused should appear in person or through counsel on 02.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2026
Sd/- JMIC-3, Abohar

In the Court of Sh. Sukhmandeep Singh Judicial Magistrate First Class-3 Abohar
CNR No. PPBFZE1-0051532025
Next Date: 02.07.2026
NACT/1692/2025
Cholamandlam Investment and Finance Company Ltd.
Versus
Shivam Kohli
Detail of offence :-138NIACT
Notice to :Shivam Kohli S/o Brij Lal R/o Street No. 1 H. No. 800 Nagpal Nagri Mangla M.C. Street Malout Distt. Sri Muktsar Sahib
In above titled case the accused could not be served. It is ordered that accused should appear in person or through counsel on **02**.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2025
Sd/- JMIC-3 Abohar

In the Court of Ms. Samiksha Jain Judicial Magistrate First Class-17 Jalandhar
CNR No. PBJL03-031337-2024
Next Date: 30.05.2026
COMA/27056/2024
Cholamandlam Investment and Finance Co. Ltd.
Versus
Varinder Kumar
Notice to : Varinder Kumar Father:- Rajinder Kumar ward No.-8, Tikhowal Mukerian,Hoshiarpur, Punjab 144211 and RVM Fruit Shop C/o Satish Kumar , Talwara Road, opp. Jain Tv Centre , Near Sabzi Mandi, Mukerian
In above titled case the accused could not be served. It is ordered that accused should appear in person or through counsel on **30**.05.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 17-04-2026
Sd/- JMIC-17 Jalandhar

Change of Name

I,Rekha W/o Ranjit Singh Village Chakowal Brahmna, PO Kadiana, Distt. Hoshiarpur, Punjab, have Changed my name from Rekha to Rekha Rani.Concerned Note

Public Notice

I, Amarjeet Singh S/o Sh. Swaran Singh R/o H.No. 304, Dharampura Bazar, Bagichi Mangal Dass, patiala do hereby solemnly affirm and declare that Karamjit Singh is my real Son. In all education certificate of my son Karamjit Singh my Name is written as Amarjit Singh and in my all documents my name is written as Amarjeet Singh. my above mentioned both name Amarjeet Singh and Amarjit Singh are one and same person name.

(U/o 5 Rule 20 cpc)
In the Court of Sh. Ram Pal Civil Judge (Junior Division)-5, Jalandhar
CNR No. PBJL02-002338-2025
Next Date: 29.05.2026
Commercial Suit/26/2025
Indian overseas Bank
Versus
N.R. Enterprises
Suit for grant of decree of recovery of Rs. 144229.36/- alongwith interest as prayed for.
Notice To.:1.N.R. Enterprises 5 Rustam Tower, Jyoti Nagar Road, Near Johal Market , Jalandhar through its proprieter sh. Raghav Sehgal S/o Sh. Harish Sehgal 2. Raghav Sehgal S/o Sh. Harish Sehgal Proprieter M/s N.R. Enterprises R/o WE-55 Chota Ali Mohalla Telwali Gali Jalandhar 3. Harish Sehgal R/o WE-55 Chota Ali Mohalla Telwali Gali Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29**.05.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 23-04-2026
Sd/- Civil Judge (Junior Division)-5,Jalandhar

(U/o 5 Rule 20 cpc)
In the Court of Ms. Amandeep Kaur Rathor Civil Judge Junior Division-5, Ferozepur
CNR No. PBFZ02-000858-2026
Next Date: 27.05.2026
CS/437/2026
Sandeep Singh
Versus
Gurnam Singh
Notice to.:Gurnam Singh S/o Gopal Singh R/o Vill. Mudki, Teh. and Distt Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 27.05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-05-2026
Sd/- Civil Judge Jr. Division-5, Ferozepur.

(U/o 5 Rule 20 cpc)
In the Court of Ms. Shampy Choudhary Addl. Civil Judge Senior Division-1, Faridkot
CNR No. PBFD02-001250-2025
Next Date: 10.07.2026
State Bank of India
Versus
Davinder Singh
The plaintiff prays for recovery of amont of Rs. 77,775/- along with interest
Notice To.:Davinder Singh Son::-Gurmail Singh R/o Near Gurdwara Vill. Thara P.O. Mour Teh Kotkapura Distt. Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **10**.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 15-04-2026
Sd/- Addl.Civil Judge Senior Division-1, Fridkot

(U/o 5 Rule 20 CPC)
In the Court of Ms. Shampy Choudhary Addl.Civil Judge Senior Division-1, Faridkot
CNR No. PBFD02-000583-2024
Next Date: 16.07.2026
Surinder Kaur
Versus
General Public
The plaintiff prays for declaration that________________
Notice To.:General Public:- Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **16**.07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 24-04-2026
Sd/- Addl.Civil Judge Sr. Divn-1, Fridkot

ਨਾਮ ਦੀ ਬਦਲੀ

ਮੈਂ, ਸੁਦੇਸ਼ ਦੇਵੀ ਪਤਨੀ ਜਸਬੀਰ ਵਾਸੀ # 25 ਏ, ਬਚਿੱਤਰ ਨਗਰ, ਮਾਡਲ ਟਾਊਨ, ਪਟਿਆਲਾ ਨੇ ਆਪਣਾ ਨਾਮ ਬਦਲ ਕੇ ਸੁਦੇਸ਼ ਰੱਖ ਲਿਆ ਹੈ।

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

ਐਸ.ਐਫ.ਸੀ. ਪਬਲਿਕ ਸਕੂਲ ਦੇ ਈਸ਼ ਗੁਪਤਾ ਨੇ 99 ਫੀਸਦੀ ਅੰਕ ਪ੍ਰਾਪਤ ਕਰ ਕੇ ਰਚਿਆ ਇਤਿਹਾਸ

ਮੋਗਾ, 13 ਮਈ (ਨਿਸ਼ੀ ਮਨਚੰਦਾ): ਸੀ.ਬੀ.ਐਸ.ਈ 12ਵੀਂ ਜਮਾਤ ਦੇ ਪ੍ਰੀਖਿਆ ਨਤੀਜਾ ਅੱਜ ਐਲਾਨਿਆ ਹੋਇਆ। ਨਾਨ ਮੈਡੀਕਲ ਦੇ ਵਿਦਿਆਰਥੀ ਈਸ਼ ਗੁਪਤਾ ਨੇ 99 ਫੀਸਦੀ ਅੰਕ ਪ੍ਰਾਪਤ ਕਰ ਕੇ ਐਸ.ਐਫ.ਸੀ ਪਬਲਿਕ ਸਕੂਲ ਦਾ ਮਾਣ ਵਧਾਇਆ ਅਤੇ ਆਪਣੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ। 12 ਬੱਚਿਆਂ ਨੇ 90 ਫੀਸਦੀ ਤੋਂ ਵਧੇਰੇ ਅੰਕ ਪ੍ਰਾਪਤ ਕੀਤੇ। ਚਾਹਤ ਨੇ 96 ਫੀਸਦੀ, ਕਾਮਰਸ ਵਿਭਾਗ ਦੇ ਨਾਰਾਇਣ ਸ਼ਰਮਾ ਨੇ 96 ਫੀਸਦੀ, ਅੰਬਰ ਬਾਂਸਲ ਨੇ 94 ਫੀਸਦੀ, ਆਰੂਸ਼ੀ ਜਿੰਦਲ ਨੇ 94 ਫੀਸਦੀ, ਦਮਨਪ੍ਰੀਤ ਨੇ 92.5 ਫੀਸਦੀ, ਜੈਸਮੀਨ ਕੌਰ ਨੇ 92 ਫੀਸਦੀ, ਮਾਨਯਾ ਗੁਲਾਟੀ ਨੇ ਅਤੇ ਅਰਜਨ ਮਿੱਤਲ ਨੇ 90 ਫੀਸਦੀ ਅੰਕ ਪ੍ਰਾਤ ਕਰ ਕੇ ਅਧਿਆਪਕ ਅਤੇ ਮਾਪਿਆਂ ਦਾ ਸਿਰ ਉਚਾ ਕੀਤਾ। ਆਰਟਸ ਵਿਭਾਗ ਵਿਚ ਜੋਬਨਪ੍ਰੀਤ ਕੌਰ ਨੇ ਵੀ 90 ਫੀਸਦੀ ਅੰਕ ਪ੍ਰਾਪਤ ਕੀਤੇ। ਤਨਿਸ਼ ਗੋਇਲ, ਗੁਨਿਧ ਸਿੰਘ, ਐਸ਼ਰੀਨ ਕੌਰ ਨੇ 88 ਫੀਸਦੀ, ਏਕਮਜੀਤ ਕੌਰ, ਗੁਰਲੀਨ ਕੌਰ ਨੇ 87 ਫੀਸਦੀ ਅੰਕ, ਦ੍ਰਿਤੀ ਸਿੰਗਲ, ਯੁਵਰਾਜ ਸਿੰਘ, ਗੁਰਲੀਨ ਕੌਰ, ਅਮਿਤੋਜ ਕੌਰ ਅਤੇ ਖੁਸ਼ੀ ਨੇ 96 ਫੀਸਦੀ ਅੰਕ ਪ੍ਰਾਪਤ ਕੀਤੇ। ਸਰਯਾਂਸ਼ ਸ਼ਰਮਾ, ਖੁਸ਼ਦਿਲ ਅਰੋੜਾ, ਹਸ਼ਰਵੀ ਨੇ 80 ਫੀਸਦੀ ਅੰਕ ਪ੍ਰਾਪਤ ਕੀਤੇ। ਸੀ.ਐਮ.ਡੀ ਅਭਿਸ਼ੇਕ ਜਿੰਦਲ, ਪ੍ਰਿੰਸੀਪਲ ਸ਼ੀਨਮ ਜਿੰਦਲ, ਐਚ.ਐਮ ਸਰੀਤਾ ਅਰੋੜਾ ਨੇ ਬੱਚਿਆਂ ਦੀ ਸ਼ਾਨਦਾਰ ਸਫਲਤਾ ਲਈ ਖੁਸ਼ੀ ਪ੍ਰਗਟ ਕੀਤੀ ਅਤੇ ਉਜਵੱਲ ਭਵਿੱਖ ਦੀ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮਿਹਨਤ, ਅਨੁਸ਼ਾਸ਼ਨ ਅਤੇ ਲਗਨ ਨਾਲ ਹਰ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੇ ਵੀ ਆਪਣੀ ਸਫਲਤਾ ਦੇ ਮਾਰਗ ਦਰਸਨ ਨੂੰ ਦੱਸਿਆ। ਬੱਚਿਆਂ ਦੀ ਸ਼ਾਨਦਾਰ ਸਫਲਤਾ ਲਈ ਮਠਿਆਈ ਵੰਡ ਕੇ ਖੁਸ਼ੀ ਮਨਾਈ।

ਡਿਪਟੀ ਕਮਿਸ਼ਨਰ ਨੇ ਸੰਭਾਵੀ ਹੜ੍ਹ ਰੋਕਥਾਮ ਪ੍ਰਬੰਧਾਂ ਦਾ ਲਿਆ ਜਾਇਜ਼ਾ

ਨਵਾਂਸ਼ਹਿਰ,13 ਮਈ (ਸੁਖਦੇਵ ਸਿੰਘ ਉੜਾਪੜ): ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਭਾਵੀ ਹੜ੍ਹਾਂ ਤੋਂ ਬਚਾਅ ਤੇ ਰੋਕਥਾਮ ਪ੍ਰਬੰਧਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਾਨਸੂਨ ਸੀਜ਼ਨ ਦੌਰਾਨ ਨਦੀ-ਨਾਲਿਆਂ, ਡਰੇਨਾਂ ਅਤੇ ਨੀਵੇਂ ਇਲਾਕਿਆਂ ਵਿੱਚ ਪਾਣੀ ਭਰਨ ਦੀ ਸੰਭਾਵਨਾ ਰਹਿੰਦੀ ਹੈ, ਇਸ ਲਈ ਸਾਰੇ ਵਿਭਾਗ ਪਹਿਲਾਂ ਤੋਂ ਹੀ ਮੁਕੰਮਲ ਤਿਆਰੀ ਰੱਖਣ। ਉਨ੍ਹਾਂ ਡਰੇਨੇਜ ਵਿਭਾਗ ਨੂੰ ਡਰੇਨਾਂ ਅਤੇ ਚੋਆਂ ਦੀ ਸਫ਼ਾਈ ਤੁਰੰਤ ਮੁਕੰਮਲ ਕਰਨ, ਲੋਕ ਨਿਰਮਾਣ ਵਿਭਾਗ ਨੂੰ ਖਰਾਬ ਪੁਲਾਂ ਅਤੇ ਸੜਕਾਂ ਦੀ ਮੁਰੰਮਤ ਤੇ ਸਿੰਚਾਈ ਵਿਭਾਗ ਨੂੰ ਬੰਨ੍ਹਾਂ ਦੀ ਮਜ਼ਬੂਤੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਸੰਭਾਵੀ ਹੜ੍ਹ

ਦੌਰਾਨ ਪ੍ਰਭਾਵਿਤ ਹੋਣ ਵਾਲੇ ਸੰਵੇਦਨਸ਼ੀਲ ਪਿੰਡਾਂ ਦੀ ਸੂਚੀ ਤਿਆਰ ਕਰਕੇ ਉੱਥੇ ਰਾਹਤ ਸਮੱਗਰੀ, ਕਿਸ਼ਤੀਆਂ, ਗੋਤਾਖੋਰਾਂ ਅਤੇ ਮੈਡੀਕਲ ਟੀਮਾਂ ਦੀ ਤਾਇਨਾਤੀ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੰਟਰੋਲ ਰੂਮ 24/7 ਕਾਰਜਸ਼ੀਲ ਰਹੇ ਅਤੇ ਕਿਸੇ ਵੀ ਐਮਰਜੈਂਸੀ ਦੀ ਸੂਚਨਾ ਮਿਲਦੇ ਹੀ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਹੜ੍ਹ ਰੋਕਥਾਮ ਨਾਲ ਜੁੜੇ ਕੰਮਾਂ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਕਿਸੇ ਅਧਿਕਾਰੀ ਵੱਲੋਂ ਲਾਪਰਵਾਹੀ ਪਾਈ ਗਈ ਤਾਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਸੰਜੀਵ ਸ਼ਰਮਾ, ਵਧੀਕ ਡਿਪਟੀ ਕਮਿਸ਼ਨਰ (ਪੇ.ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰਮਨਜੀਤ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸ੍ਰੀ ਗੁਰੂ ਰਾਮ ਦਾਸ ਨਰਸਿੰਗ ਇੰਸਟੀਚਿਊਟ ਵਿਖੇ ਅੰਤਰਰਾਸ਼ਟਰੀ ਨਰਸਿਜ਼ ਡੇ ਤੇ ਨਰਸਿਜ਼ ਹਫਤਾ ਮਨਾਇਆ

ਬਟਾਲਾ, 13 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸ੍ਰੀ ਗੁਰੂ ਰਾਮ ਦਾਸ ਨਰਸਿੰਗ ਇੰਸਟੀਚਿਊਟ, ਪੰਧੇਰ ਵਿਖੇ ਅੰਤਰਰਾਸ਼ਟਰੀ ਨਰਸਿਜ਼ ਡੇ ਅਤੇ ਨਰਸਿਜ਼ ਹਫਤਾ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਨਰਸਾਂ ਦੀ ਸੇਵਾ ਭਾਵਨਾ, ਸਮਰਪਣ ਅਤੇ ਸਿਹਤ ਸੇਵਾਵਾਂ ਵਿੱਚ ਉਨ੍ਹਾਂ ਦੇ

ਯੋਗਦਾਨ ਨੂੰ ਯਾਦ ਕਰਦੇ ਹੋਏ ਸੈਮੀਨਾਰ ਹਾਲ ਵਿੱਚ ਵਿਸ਼ੇਸ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਡਾ. ਹਰਜਿੰਦਰਪਾਲ ਕੌਰ ਕੰਗ ਵੱਲੋਂ ਕੀਤੀ ਗਈ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਤੇ ਮੁੱਖ ਮਹਿਮਾਨ ਵਜੋਂ ਸੈਮਸਨ ਮਸ਼ੀਹ ਐਕਜੀਕਿਊਟਿਵ ਸੈਕਟਰੀ ਰੇਡ ਕ੍ਰਾਸ ਸੋਸਾਇਟੀ ਅਮ੍ਰਿਤਸਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਤੇ ਕਾਲਜ ਦੇ ਪ੍ਰਬੰਧਕਾਂ ਨੇ ਥੀਮ ਅਨਫੋਲਡ ਕਰਕੇ ਕੀਤੀ ਜਿਸ ਉਪਰੰਤ ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਭਾਸ਼ਣ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਫਲੋਰੈਂਸ ਨਾਈਟਿੰਗੇਲ ਨੂੰ ਸਮਰਪਿਤ ਭਾਸ਼ਣ, ਰੋਲ ਪਲੇਅ ਤੇ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ ਗਈਆਂ। ਨਰਸਿਜ਼ ਹਫ਼ਤਾਵਾਰੀ ਦੌਰਾਨ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਕਿੱਤਾ ਮੁੱਖੀ ਕਾਬਲੀਅਤ ਨੂੰ ਉਤਸ਼ਾਹਿਤ ਕਰਨ ਲਈ ਪੋਸਟਰ ਮੇਕਿੰਗ, ਮਾਡਲ ਮੇਕਿੰਗ, ਕੇਸ ਸੀਨਾਰਿਓ ਪ੍ਰਜ਼ੇਂਟੇਸ਼ਨ, ਰੰਗੋਲੀ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਪੋਸਟਰ ਮੇਕਿੰਗ ਵਿੱਚ ਜਸ਼ਨ ਤੀਸਰਾ ਸਮੈਸਟਰ ਅਤੇ ਅਮਨ ਪੰਜਵਾਂ ਸਮੈਸਟਰ ਨੇ ਮਾਡਲ ਮੇਕਿੰਗ ਵਿੱਚ, ਸਿਮਰਨਜੀਤ ਕੌਰ ਸੱਤਵਾਂ ਸਮੈਸਟਰ ਨੇ ਕੇਸ ਸੀਨਾਰਿਓ ਪ੍ਰਜ਼ੇਂਟੇਸ਼ਨ ਵਿੱਚ ਨਵਜੋਤ ਕੌਰ ਸੱਤਵਾਂ ਸਮੈਸਟਰ ਨੇ ਪਹਿਲਾ ਸਥਾਬ ਹਾਸਿਲ ਕਰਕੇ ਬਾਜ਼ੀ ਮਾਰੀ। ਰੰਗੋਲੀ ਮੁਕਾਬਲੇ ਵਿੱਚ ਰਿਚਾ, ਪਰਮੀਤ ਤੇ ਮਨਰੂਪ ਜੇਤੂ ਰਹੇ ਜਦਕਿ ਸਵਾਲ ਜਵਾਬ ਮੁਕਾਬਲਿਆ ਵਿੱਚ ਜਸ਼ਨਦੀਪ ਕੌਰ, ਜੈਦੀਪ ਕੌਰ, ਲਵਲੀਨ ਕੌਰ, ਜਸਮੀਨ ਕੌਰ ਤੇ ਹਰਨੂਰ ਕੌਰ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ । ਇਸ ਮੌਕੇ ਮੁੱਖ ਮਹਿਮਾਨ ਸੈਮਸਨ ਮਸੀਹ ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨਰਸਾਂ ਮਰੀਜ਼ਾਂ ਦੀ ਸੇਵਾ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ ਅਤੇ ਸਿਹਤ ਸੇਵਾਵਾਂ ਦੀ ਗੁਣਵੱਤਾ ਬਣਾਈ ਰੱਖਣ ਵਿੱਚ ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਹੈ ਅੰਤਰਰਾਸ਼ਟਰੀ ਨਰਸਿਜ਼ ਡੇ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮੈਨੇਜ਼ਿੰਗ ਡਾਇਰੈਕਟਰ ਸ੍ਰ ਅਵਤਾਰ ਸਿੰਘ ਕੰਗ ਨੇ ਕਿਹਾ ਕਿ ਨਰਸਿੰਗ ਸਿਰਫ਼ ਇੱਕ ਪੇਸ਼ਾ ਨਹੀਂ ਸਗੋਂ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਵੱਡਾ ਮਾਧਿਅਮ ਹੈ। ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ ਨੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਨਰਸਿੰਗ ਡੇ ਦੀ ਵਧਾਈ ਦਿੱਤੀ। ਇਸ ਮੌਕੇ ਡਾਂ ਰਾਜਬੀਰ ਸਿੰਘ, ਹਰਵਿੰਦਰ ਕੌਰ ਸਮੇਤ ਸ਼ਮੂਹ ਸਟਾਫ ਅਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

ਧਵਨ ਪੈਲੇਸ ਦੇ ਸੰਚਾਲਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੁਆਵਜ਼ੇ ਦੀ ਅਪੀਲ ਕੀਤੀ

ਮੋਗਾ, 13 ਮਈ (ਨਿਸ਼ੀ ਮਨਚੰਦਾ): ਕੱਲ੍ਹ ਭਾਰੀ ਮੀਂਹ ਤੇ ਤੇਜ਼ ਤੂਫ਼ਾਨ ਕਾਰਨ ਮਹਿਮੇਵਾਲਾ ਰੋਡ 'ਤੇ ਸੁਭਾਸ਼ ਟੈਂਟ ਦੇ ਗੋਦਾਮ ਨੂੰ ਨੁਕਸਾਨ ਪਹੁੰਚਿਆ, ਜਿਸ ਨਾਲ ਲਗਭਗ 50 ਲੱਖ ਰੁਪਏ ਦਾ ਨੁਕਸਾਨ ਹੋਇਆ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ, ਜਿਵੇਂ ਸਰਕਾਰ ਹੋਰ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦਿੰਦੀ ਹੈ, ਤਾਂ ਜੋ ਉਹ ਆਪਣਾ ਕਾਰੋਬਾਰ ਮੁੜ ਸ਼ੁਰੂ ਕਰ ਸਕਣ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਅਮਿਤ ਧਵਨ ਨੇ ਕਿਹਾ, "ਸਾਡਾ ਕੇਂਦਰ ਬਿੰਦੂ ਮਹਿਮੇਵਾਲਾ ਰੋਡ 'ਤੇ ਸਥਿਤ ਟੈਂਟ ਹਾਊਸ ਅਤੇ ਗੋਦਾਮ ਹੈ। ਭਾਰੀ ਬਾਰਿਸ਼ ਇੰਨੀ ਵਿਨਾਸ਼ਕਾਰੀ ਸੀ ਕਿ ਗੋਦਾਮ ਦਾ ਸ਼ੈੱਡ ਪਲਾਂ ਵਿੱਚ ਢਹਿ ਗਿਆ, ਸਾਰੇ ਥੰਮ ?ਹ ਰੇਤ ਵਾਂਗ ਢਹਿ ਗਏ, ਅਤੇ ਉੱਥੇ ਸਟੋਰ ਕੀਤਾ ਸਾਰਾ ਕੀਮਤੀ ਸਮਾਨ, ਜਿਸ ਵਿੱਚ ਪਿਛਲੇ ਦਿਨ ਚੰਡੀਗੜ੍ਹ ਤੋਂ ਲਿਆਂਦੇ ਗਏ ਲੱਖਾਂ ਰੁਪਏ ਦੇ ਸਜਾਵਟੀ ਸਮਾਨ ਵੀ ਸ਼ਾਮਲ ਸੀ, ਚਕਨਾਚੂਰ ਹੋ ਗਿਆ ਅਤੇ ਖਿੱਲਰ ਗਿਆ।" ਉਨ੍ਹਾਂ ਕਿਹਾ ਕਿ ਗੋਦਾਮ ਦੇ ਢਹਿਣ ਨਾਲ ਲੱਖਾਂ ਰੁਪਏ ਦੀਆਂ ਕੁਰਸੀਆਂ ਟੁੱਟ ਗਈਆਂ, ਅਤੇ ਤੂਫ਼ਾਨ ਨੇ ਕੁਝ ਹੀ ਪਲਾਂ ਵਿੱਚ ਮਿਹਨਤ ਨਾਲ ਬਣਾਈਆਂ ਗਈਆਂ ਹੋਰ ਚੀਜ਼ਾਂ ਨੂੰ ਤਬਾਹ ਕਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਉਸ ਸਮੇਂ ਗੋਦਾਮ ਵਿੱਚ ਕੋਈ ਵੀ ਮੌਜੂਦ ਨਹੀਂ ਸੀ, ਇਸ ਲਈ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਉਨ੍ਹਾਂ ਮੰਗ ਕੀਤੀ ਕਿ ਪ੍ਰਸ਼ਾਸਨ ਕੁਦਰਤੀ ਆਫ਼ਤ ਕਾਰਨ ਹੋਏ ਲੱਖਾਂ ਰੁਪਏ ਦੇ ਨੁਕਸਾਨ ਦਾ ਮੁਆਵਜ਼ਾ ਦੇਵੇ, ਜਿਸ ਨੂੰ ਉਹ ਪੂਰਾ ਕਰਨ ਦੇ ਅਸਮਰੱਥ ਹਨ। ਇਸ ਮੌਕੇ 'ਤੇ ਬਹੁਤ ਸਾਰੇ ਲੋਕਾਂ ਨੇ ਇਹ ਵੀ ਬੇਨਤੀ ਕੀਤੀ ਕਿ ਪ੍ਰਸ਼ਾਸਨ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਦੇਵੇ, ਜਿਵੇਂ ਕਿ ਕੁਦਰਤੀ ਆਫ਼ਤਾਂ ਨਾਲ ਤਬਾਹ ਹੋਏ ਹੋਰ ਲੋਕਾਂ ਨੂੰ ਦਿੱਤਾ ਜਾਂਦਾ ਹੈ।

ਗਰਮੀਆਂ ਦੇ ਵਿੱਚ ਛੱਤਾਂ ਉੱਤੇ ਦਾਨਾ ਤੇ ਪਾਣੀ ਰੱਖੋ : ਅਭਿਸ਼ੇਕ ਜਿੰਦਲ

ਮੋਗਾ, 13 ਮਈ (ਨਿਸ਼ੀ ਮਨਚੰਦਾ): ਮੋਗਾ ਦੇ ਮਸ਼ਹੂਰ ਐਸ ਐਫ ਸੀ ਪਬਲਿਕ ਸਕੂਲ ਦੇ ਐਮਡੀ ਅਭਿਸ਼ੇਕ ਜਿੰਦਲ ਦਾ ਕਹਿਣਾ ਹੈ ਕੇ ਗ਼ਰਮੀਆਂ ਨੂੰ ਮੁੱਖ ਰੱਖਦਿਆਂ ਛੱਤਾਂ ਦੇ ਉੱਪਰ ਦਾਨਾ ਤੇ ਪਾਣੀ ਰੱਖਣਾ ਚਾਹੀਦਾ ਹੈ,ਕਿਉਂਕਿ ਇਸ ਟਾਈਮ ਗਰਮੀ ਬਹੁਤ ਹੋ ਰਹੀ ਹੈ ਅਤੇ ਪੰਛੀ ਪਾਣੀ ਤੋਂ ਬਿਨਾਂ ਤਰਸ ਰਹੇ ਹਨ, ਉਹਨਾਂ ਨੂੰ ਪਾਣੀ ਪਿਲਾਉਣਾ ਅਤੇ ਦਾਨਾ ਪਾਉਣਾ ਬਹੁਤ ਵੱਡਾ ਪੁਨ ਦਾ ਕੰਮ ਹੈ, ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਅਭਿਸ਼ੇਕ ਜਿੰਦਲ ਨੇ ਕਿਹਾ ਕੇ ਗਰਮੀਆਂ ਦੇ ਦਿਨਾਂ ਵਿੱਚ ਹਰ ਇਨਸਾਨ ਨੂੰ ਛੱਤਾਂ ਉੱਪਰ ਪਾਣੀ ਅਤੇ ਦਾਨਾ ਰੱਖਣਾ ਚਾਹੀਦਾ ਹੈ,ਅਤੇ ਛੱਤਾ ਉੱਪਰ ਮਿੱਟੀ ਦੇ ਕਟੋਰੇ ਰੱਖਣੇ ਚਾਹੀਦੇ ਹਨ, ਅਤੇ ਜਿਸ ਤਰ੍ਹਾਂ ਮਨੁੱਖ ਨੂੰ ਪਾਣੀ ਦੀ ਪਿਆਸ ਲੱਗਦੀ ਹੈ,ਉਸੇ ਤਰ੍ਹਾਂ ਪੰਛੀਆਂ ਨੂੰ ਵੀ ਪਾਣੀ ਦੀ ਪਿਆਸ ਲੱਗਦੀ ਹੈ, ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਪੰਛੀਆਂ ਨੂੰ ਪਾਣੀ ਪਿਲਾ ਕੇ ਸੇਵਾ ਕਰਨੀ ਚਾਹੀਦੀ ਹੈ, ਪੰਛੀਆਂ ਨੂੰ ਪਾਣੀ ਪਿਲਾਉਣ ਨਾਲ

ਆਪਣੇ ਕਈ ਤਰਾਂ ਦੇ ਮਾੜੇ ਕਰਮ ਕਟਦੇ ਹਨ ਤੇ ਇਨਸਾਨ ਨੂੰ ਇਸ ਸੰਸਾਰ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਇਲੈਕਟਰੋਨਿਕ ਕਚਰੇ ਤੋਂ ਲਾਭਦਾਇਕ ਤੇ ਸਜਾਵਟੀ ਚੀਜ਼ਾਂ ਬਣਾਈਆਂ

ਗੜ੍ਹਦੀਵਾਲਾ, 13 ਮਈ (ਗੌਰਵ): ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਫਰ ਵਿੱਚ ਇਨਵਾਰਮੈਂਟ ਐਜੂਕੇਸ਼ਨ ਪ੍ਰੋਗਰਾਮ ਤਹਿਤ ਇੱਕ ਵਰਕਸ਼ਾਪ ਲਗਾਈ ਗਈ ਜਿਸ ਦਾ ਥੀਮ ਰਿਡਿਊਸ ਈ ਵੇਸਟ ਅਤੇ ਟਾਈਟਲ ਟੁੱਟੇ ਹੋਏ ਇਲੈਕਟਰੋਨਿਕ ਕਚਰੇ ਤੋਂ ਲਾਭਦਾਇਕ ਤੇ ਸਜਾਵਟੀ ਚੀਜ਼ਾਂ ਬਣਾਉਣਾ। ਇਸ ਵਰਕਸ਼ਾਪ ਤਹਿਤ ਰਿਸੋਰਸ ਪਰਸਨ ਅਨੁਰਾਗ ਦੀਪ ਸਿੰਘ ਨੇ ਲੈਕਚਰ ਦਿੱਤਾ ਜਿਸ ਵਿੱਚ ਈ ਵੇਸਟ ਬਾਰੇ ਦੱਸਿਆ, ਇਸ ਦੇ ਕੀ ਪ੍ਰਭਾਵ ਪੈਂਦੇ ਆ ਚੰਗੇ ਆ ਜਾਂ ਮਾੜੇ ਆ ਸਭ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਭਵਿੱਖ ਵਿੱਚ ਇਸ ਤੋਂ ਕਿੱਦਾਂ ਬਚ ਸਕਦੇ ਹਾਂ। ਇਸ ਵਰਕਸ਼ਾਪ ਵਿੱਚ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਦਿਨੇਸ਼ ਠਾਕੁਰ ਪੰਜਾਬੀ ਲੈਕਚਰਾਰ ਦਲਜੀਤ ਸਿੰਘ ਇਕਨਾਮਿਕਸ ਲੈਕਚਰਾਰ ਇਦਰਜੀਤ, ਹਿਸਟਰੀ ਲੈਕਚਰਾਰ ਉਮੇਸ਼ ਕੁਮਾਰ ਪੰਜਾਬੀ ਮਾ. ਜਗਵਿੰਦਰ ਸਿੰਘ, ਮੈਥ ਮਾ. ਜਗਮੋਹਨ ਸਿੰਘ, ਅੰਗਰੇਜ਼ੀ ਮਾ. ਹਰਪਾਲ ਸਿੰਘ, ਮੈਥ ਮਿਸਟ੍ਰੈਸ ਬਲਵਿੰਦਰਜੀਤ ਕੌਰ, ਹਿੰਦੀ ਮਿਸਟ੍ਰੈਸ ਰੇਖਾ ਦੇਵੀ, ਸਾਇੰਸ ਮਿਸਟ੍ਰੈਸ ਰਮਨਦੀਪ ਕੌਰ, ਸਮਾਜਿਕ ਸਿੱਖਿਆ ਮਿਸਟ੍ਰੈਸ ਸਪਨਾ ਸਾਰੀਆਂ, ਕੰਪਿਊਟਰ ਫੈਕਲਟੀ ਅੰਮ੍ਰਿਤ ਜੋਤੀ, ਸਾਇੰਸ ਮਿਸਟ੍ਰੈਸ ਸੁਮਨਦੀਪ ਕੌਰ ਐਸਐਲਏ ਨਰਿੰਦਰ ਪਾਲ ਸਿੰਘ ਤੇ ਸਮਾਈਲ ਕਾਲਕਟ ਸ਼ਾਮਲ ਸਨ।

ਨਗਰ ਨਿਗਮ ਚੰਡੀਗੜ੍ਹ

ਟੈਂਡਰ ਸੂਚਨਾ

ਲ. ਨੰ.	ਕੰਮ ਦਾ ਨਾਮ	ਬੋਲੀ ਜਮ੍ਹਾਂ ਸੂਚੀ (ਆਨਲਾਈਨ)	ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ - ਐਮਸੀਪੀਐਚ ਡਵੀਜ਼ਨ ਨੰ. 2		
1.	ਐਸਡੀਈ-22 ਯੂ.ਟੀ. ਚੰਡੀਗੜ੍ਹ ਦੇ ਅਧਿਕਾਰ ਖੇਤਰ ਅਧੀਨ ਮੱਖਣਮਾਜਰਾ ਤੋਂ ਡਾਰੀਆ ਰੋਡ ਵਿਖੇ ਪੰਚਕੂਲਾ ਬੈਰੀਅਰ ਰਾਏਪੁਰ ਕਲਾਂ, ਆਰਐਨ-20 ਅਤੇ ਆਰਐਨ-22, ਦੇ ਨਜ਼ਦੀਕ ਘੱਟ ਡਿਸਚਾਰਜ ਵਾਲੇ/ਬੰਦ ਟਿਊਬਵੈਲ ਦੇ ਬਦਲੇ ਵਿਚ 03 ਅਦਦ 12"x8" (304.80 x 203.20 ਐਮਐਮ) ਆਈ/ਡੀ ਡੀਪ ਬੋਰ ਟਿਊਬਵੈਲ ਦੀ ਬੋਰਿੰਗ ਅਤੇ ਸਥਾਪਨਾ। (ਪਰਕਸ਼ਨ-ਕਮ-ਰਿਵਰਜ ਰੋਟਰੀ ਡ੍ਰਿਲਿੰਗ ਰਿਗ ਵਿਧੀ ਜਾਂ ਕਿਸੇ ਵੀ ਹੋਰ ਨਵੀਨਤਮ ਤਕਨਾਲੋਜੀ ਦੀ ਵਿਧੀ ਨਾਲ) ਰਕਮ : ਰੁ. ਰੁ. 76,44,687/- ਬਿਆਨਾ ਰਕਮ : ਰੁ. 1,52,894/- ਸਮਾਂ ਹੱਦ : 04 ਮਹੀਨੇ	12.05.2026 To 22.05.2026 at 12:00 noon	22.05.2026 at 12:30 P.M
2.	ਵਾਟਰ ਵਰਕਸ ਸੈਕਟਰ-26 ਅਤੇ 32, ਚੰਡੀਗੜ੍ਹ ਵਿਖੇ 300 ਐਚਪੀ, 215 ਐਚਪੀ, 430 ਐਚਪੀ ਸਲਿਪਰਿੰਗ ਮੋਟਰਜ਼ ਬੈਡ ਦੀ ਮੁਰੰਮਤ ਅਤੇ ਰੀਵਾਈਂਡਿੰਗ ਅਤੇ ਹੋਰ ਸੰਬੰਧਤ ਕੰਮ (ਸੀਐਚ ਟੂ :- ਰੈਵੇਨਿਊ ਹੈਡ (ਮਾਈਨਰ ਕੰਮ) ਰਕਮ : ਰੁ. ਰੁ. 13,59,100/- ਬਿਆਨਾ ਰਕਮ : ਰੁ. 27,182/- ਸਮਾਂ ਹੱਦ : 01 ਮਹੀਨਾ	12.05.2026 To 19.05.2026 at 12:00 noon	19.05.2026 at 12:30 P.M
3.	ਪਰਕਸ਼ਨ-ਕਮ-ਰਿਵਰਜ ਰੋਟਰੀ ਡ੍ਰਿਲਿੰਗ ਰਿਗ ਵਿਧੀ ਜਾਂ ਕਿਸੇ ਵੀ ਹੋਰ ਨਵੀਨਤਮ ਤਕਨਾਲੋਜੀ ਦੀ ਵਿਧੀ ਨਾਲ ਵਿਕਾਸ ਨਗਰ, ਯੂ.ਟੀ. ਚੰਡੀਗੜ੍ਹ ਦੇ ਘੱਟ ਡਿਸਚਾਰਜ ਵਾਲੇ/ਬੰਦ ਟਿਊਬਵੈਲ ਨੰ. 2 ਦੇ ਬਦਲੇ ਵਿਚ 01 ਅਦਦ 12"x8" (304.80 x 203.20 ਐਮਐਮ) ਆਈ/ਡੀ ਡੀਪ ਬੋਰ ਟਿਊਬਵੈਲ ਦੀ ਬੋਰਿੰਗ ਅਤੇ ਸਥਾਪਨਾ। ਰਕਮ : ਰੁ. ਰੁ. 26,11,545/- ਬਿਆਨਾ ਰਕਮ : ਰੁ. 52,230/- ਸਮਾਂ ਹੱਦ : 04 ਮਹੀਨੇ	12.05.2026 To 22.05.2026 at 12:00 noon	22.05.2026 at 12:30 P.M

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।

ਕਾਰਜਕਾਰੀ ਇੰਜੀਨੀਅਰ
ਐਮਸੀਪੀਐਚ ਡਵੀਜ਼ਨ ਨੰ. 2, ਨੇੜੇ ਕਰੁਣਾ ਸਦਨ, ਸੈਕਟਰ 11, ਚੰਡੀਗੜ੍ਹ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ. ਦਫ਼ਤਰ ਪੰ.ਰਾ.ਬਿ.ਬੋ. ਹੈੱਡ ਆਫਿਸ, ਦਿਲ ਮਾਲ, ਪਟਿਆਲਾ - 147001)
ਕਾਰਪੋਰੇਟ ਆਈਡੈਂਟੀਫਿਕੇਸ਼ਨ ਨੰ. : (CIN) U40109PB2010SGC033813

ਟੈਂਡਰ ਇੰਨਕੁਆਇਰੀ ਨੰਬਰ 23/XEN/CCM 2026-27, ਮਿਤੀ: 13.05.2026
ਸੀਨੀਅਰ ਕਾਰਜਕਾਰੀ ਇੰਜੀ., ਸਿਵਲ ਉਸਾਰੀ ਅਤੇ ਸਾਂਭ-ਸੰਭਾਲ ਮੰਡਲ, ਪੰ.ਰਾ.ਪਾ.ਕਾ.ਲਿਮ. ਅੰਮ੍ਰਿਤਸਰ ਵੱਲੋਂ :-
T. Enq. No.: 23/XEN/CCM/2026-27 - 66KV ਸਬ ਸਟੇਸ਼ਨ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਸਵਿੱਚ ਹਾਊਸ ਬਿਲਡਿੰਗ ਦੇ ਵਿਸਥਾਰ ਦਾ ਕੰਮ ਕਰਨ ਸਬੰਧੀ ਸ਼ੋਰਟ ਟਰਮ ਖੁੱਲ੍ਹਾ ਟੈਂਡਰ ਸੱਦਿਆ ਜਾਂਦਾ ਹੈ।
ਸੰਖੇਪ NIT ਅਤੇ ਟੈਂਡਰ ਸਪੈਸੀਫਿਕੇਸ਼ਨ eproc.punjab.gov.in ਅਤੇ www.pspcl.in ਉੱਪਰ ਮਿਤੀ 13.05.2026 ਤੋਂ ਉਪਲਬੱਧ ਹੈ।
ਨੋਟ : ਕੋਰੀਜੰਡਮ ਅਤੇ ਹੋਰ ਕੋਈ ਸੋਧ ਸਬੰਧੀ ਵੇਰਵੇ eproc.punjab.gov.in ਅਤੇ www.pspcl.in ਤੇ ਵੇਖੇ ਜਾਣ।
C574/26
Ro No.: PR Advt. No.: 1079 / 12 / 2026-27 / 11476 / Dated CHD : 13.05.2026

Edelweiss | ECL Finance Ltd.
Ideas create, values protect

ਬ੍ਰਾਂਚ ਤਬਦੀਲੀ ਸੂਚਨਾ
ਇਸ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬ੍ਰਾਂਚ ਦੀ ਤਬਦੀਲੀ ਸਬੰਧੀ, ਅਸੀਂ, ECL ਫਾਇਨੈਂਸ ਲਿਮਿਟੇਡ, ਆਮ ਜਨਤਾ ਅਤੇ ਆਪਣੇ ਗਾਹਕਾਂ ਨੂੰ ਸੂਚਿਤ ਕਰਦੇ ਹਾਂ ਕਿ ਅਸੀਂ ਆਪਣੀ ਨਾਗਪੁਰ ਬ੍ਰਾਂਚ ਨੂੰ 14 ਅਗਸਤ 2026 ਤੋਂ ਨਵੇਂ ਸਥਾਨ ਤੇ ਤਬਦੀਲ ਕਰ ਰਹੇ ਹਾਂ।

ਰਜਿਸਟਰਡ ਦਫ਼ਤਰ:
ECL ਫਾਇਨੈਂਸ ਲਿਮਿਟੇਡ, ਟਾਵਰ 3,
ਵਿੰਗ B, ਕੋਹਿਨੂਰ ਸਿਟੀ, ਕੋਹਿਨੂਰ ਸਿਟੀ ਕਿਰੋਲ ਰੋਡ,
ਕੁਰਲਾ (ਪੱਛਮ), ਮੁੰਬਈ - 400070

ਮੌਜੂਦਾ ਪਤਾ:
SCO: 23-24, ਬਲਾਕ-D, ਮਾਡਲ ਟਾਊਨ ਇਕਸਟੈਂਸ਼ਨ,
ਲੁਧਿਆਣਾ - 141002
ਨਵਾਂ / ਤਬਦੀਲੀ ਪਤਾ:
ਦਫ਼ਤਰ ਨੰਬਰ 301, ਤੀਜੀ ਮੰਜ਼ਿਲ, ਸੈਨੀ ਟਾਵਰ,
SCO-5, ਫਿਰੋਜ਼ ਗਾਂਧੀ ਮਾਰਕੀਟ,
ਲੁਧਿਆਣਾ - 141001

ਈਮੇਲ: assistance@eclf.com
ਕਾਲ ਸੈਂਟਰ: 1-800-1026372
(ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)
ਅਸੀਂ ਤੁਹਾਡੇ ਨਿਰੰਤਰ ਸਹਿਯੋਗ ਦੀ ਆਸ ਕਰਦੇ ਹਾਂ।

ਭਾਰਤੀ ਸੈਨਾ ਵਿਚ ਸ਼ਾਮਲ ਹੋਵੋ
JOIN INDIAN ARMY AS AN OFFICER
www.joinindianarmy.nic.in

ਅਧਿਕਾਰੀ ਐਂਟਰੀ

ਭਾਰਤੀ ਫੌਜ ਦੇ 10+2 ਤਕਨੀਕੀ ਐਂਟਰੀ ਸਕੀਮ (TES-56) ਕੋਰਸ (ਜਨਵਰੀ 2027) ਲਈ ਔਨਲਾਈਨ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ। ਔਨਲਾਈਨ ਅਰਜ਼ੀਆਂ www.joinindianarmy.nic.in 'ਤੇ 13 ਮਈ 2026 ਤੋਂ 12 ਜੂਨ 2026 ਤੱਕ ਖੁੱਲ੍ਹੀਆਂ ਰਹਿਣਗੀਆਂ। TES-56 ਕੋਰਸ ਲਈ JEE (ਮੇਨਜ਼) 2026 ਲਾਜ਼ਮੀ ਹੈ। ਇਹ 12ਵੀਂ ਜਮਾਤ ਵਿੱਚ PCM (ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ) ਵਿੱਚ ਘੱਟੋ-ਘੱਟ 60% ਅੰਕਾਂ ਦੇ ਮਾਪਦੰਡ ਤੋਂ ਇਲਾਵਾ ਹੈ।

OFFICER ENTRY

Online applications are invited for 10+2 Technical Entry Scheme (TES-56) course (Jan 2027) of Indian Army. Online applications will open on www.joinindianarmy.nic.in from 13 May 2026 to 12 Jun 2026. JEE (Mains) 2026 is mandatory for TES-56 Course. This is in addition to the criteria of minimum 60% marks in PCM (Physics, Chemistry and Mathematics) in Class 12th.

ਨੋਟ
1. ਫੌਜ ਵਿੱਚ ਭਰਤੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਮੁਫ਼ਤ ਹੈ। ਦਲਾਲਾਂ ਤੋਂ ਸਾਵਧਾਨ ਰਹੋ।
2. ਵਿਸਤ੍ਰਿਤ ਸੂਚਨਾ ਲਈ, ਕਿਰਪਾ ਕਰਕੇ **www.joinindianarmy.nic.in** 'ਤੇ ਜਾਓ।

Note:
1. Recruitment in the Army is totally transparent and free. Beware of touts.
2. For detailed Notification, visit www.joinindianarmy.nic.in

CBC 10601/11/0003/2627

ਐਨ.ਜੀ.ਟੀ. ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਵੱਲੋਂ ਟਰੱਸਟ ਦੇ ਅਧਿਕਾਰੀਆਂ 'ਤੇ ਐਫ.ਆਈ.ਆਰ. ਦਰਜ ਕਰਨ ਦੀ ਸਿਫਾਰਸ਼

ਬਰਨਾਲਾ, 13 ਮਈ (ਸੁਖਵਿੰਦਰ ਸਿੰਘ ਭੰਡਾਰੀ) : ਰਾਸ਼ਟਰੀ ਗ੍ਰੀਨ ਟ੍ਰਿਬਿਊਨਲ ਨਵੀਂ ਦਿੱਲੀ ਵੱਲੋਂ ਨਗਰ ਸੁਧਾਰ ਟਰੱਸਟ ਬਰਨਾਲਾ ਦੀ 25 ਏਕੜ ਸਕੀਮ ਵਾਲੀ ਜਗ੍ਹਾ ਵਿੱਚੋਂ ਗੈਰਕਾਨੂੰਨੀ ਹਰੇ ਭਰੇ ਸੈਂਕੜੇ ਰੁੱਖ ਪੁੱਟਣ ਪੜਤਾਲ ਸਬੰਧੀ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਨੇ ਐਨ.ਜੀ.ਟੀ ਨਵੀਂ ਦਿੱਲੀ ਨੂੰ ਆਪਣੀ 35 ਸਫਿਆਂ ਦੀ ਰਿਪੋਰਟ ਭੇਜ ਕੇ ਨਗਰ ਸੁਧਾਰ ਟਰੱਸਟ ਬਰਨਾਲਾ ਦੇ ਜ਼ਿੰਮੇਵਾਰਾਂ ਅਤੇ ਸਹਿਯੋਗੀਆਂ ਖ਼ਿਲਾਫ਼ ਐਫ.ਆਈ.ਆਰ ਦਰਜ ਕਰਨ, ਜੁਰਮਾਨਾ ਵਸੂਲਣ, ਜ਼ਿਲ੍ਹਾ ਪੱਧਰੀ ਅਧਿਕਾਰੀਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ, ਪੁੱਟੇ ਗਏ ਰੁੱਖਾਂ ਬਦਲੇ 5 ਗੁਣਾਂ ਰੁੱਖ ਵਿਸ਼ੇਸ਼ ਜ਼ਮੀਨ 'ਤੇ ਲਗਾਉਣ, ਬਾਕੀ ਖੜ੍ਹੇ ਰੁੱਖਾਂ 'ਤੇ ਨੰਬਰ ਲਗਾਉਣ ਆਦਿ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਕੱਤਰ ਜਾਣਕਾਰੀ ਅਨੁਸਾਰ ਜ਼ਿਲ੍ਹੇ ਦੇ ਵਾਤਾਵਰਨ ਪ੍ਰੇਮੀ ਗੁਰਪ੍ਰੀਤ ਸਿੰਘ ਕਾਹਨੇਕੇ ਨੇ ਨਗਰ ਸੁਧਾਰ ਟਰੱਸਟ ਬਰਨਾਲਾ ਦੀ 25 ਏਕੜ ਸਕੀਮ ਵਾਲੀ ਜਗ੍ਹਾ ਵਿੱਚੋਂ 140 ਹਰੇ ਭਰੇ 50 ਸਾਲ ਪੁਰਾਣੇ ਪੁਰਾਤਨ ਰੁੱਖ ਨਿੰਮ, ਬੋਹੜ, ਪਿੱਪਲ, ਕਿੱਕਰ, ਟਾਹਲੀ, ਤੂਤ, ਤੇ ਜੰਡ ਅਦਿ ਕਿਸਮਾਂ ਦੇ ਰੁੱਖ ਗੈਰ ਕਾਨੂੰਨੀ ਪੁੱਟਣ ਸਬੰਧੀ ਮਾਨਯੋਗ ਰਾਸ਼ਟਰੀ ਗ੍ਰੀਨ ਟ੍ਰਿਬਿਊਨਲ ਨਵੀਂ ਦਿੱਲੀ ਵਿਖੇ ਪਟੀਸ਼ਨ ਪਾ ਕੇ ਕਾਰਵਾਈ ਦੀ ਮੰਗ ਕੀਤੀ ਸੀ। ਐਨ.ਜੀ.ਟੀ ਵੱਲੋਂ ਗਠਿਤ ਜਾਂਚ ਟੀਮ ਦੇ ਅਧਿਕਾਰੀਆਂ ਕੌਂਸ਼ਲ ਕਿਸ਼ੋਰ ਡਿਵੀਜਨਲ ਜੰਗਲਾਤ ਅਫ਼ਸਰ ਸੰਗਰੂਰ ਪ੍ਰਿੰਸੀਪਲ ਚੀਫ਼ ਕੰਜ਼ਰਵੇਟਰ ਆਫ਼ ਫਾਰੈਸਟ ਪੰਜਾਬ ਦੇ ਪ੍ਰਤੀਨਿਧੀ, ਇੰਜਨੀਅਰ ਜੇ.ਪੀ ਮੀਨਾ ਵਿਗਿਆਨੀ ਕੇਦਰੀ ਪ੍ਰਦੂਸ਼ਨ ਕੰਟਰੋਲ ਬੋਰਡ, ਸਨੀ ਗੌਇਲ ਤਕਨੀਕੀ ਅਧਿਕਾਰੀ ਵਾਤਾਵਰਣ ਜੰਗਲ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਚੰਡੀਗੜ੍ਹ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਸੀ। ਟੀਮ ਨੇ ਭੇਜੀ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਰੁੱਖ ਪੁੱਟਣ ਲਈ ਕੋਈ ਮਨਜ਼ੂਰੀ ਨਹੀਂ ਲਈ ਗਈ। ਨਜ਼ਦੀਕ ਰਹਿੰਦੇ ਝੁੱਗੀ ਝੌਂਪੜੀ ਵਾਲਿਆਂ ਨੇ 200 ਰੁੱਖ ਨਗਰ ਸੁਧਾਰ ਟਰੱਸਟ ਵੱਲੋਂ ਪੁੱਟਣ ਲਈ ਕਿਹਾ ਹੈ। ਮਾਨਯੋਗ ਹਾਈ ਕੋਰਟ ਦੇ 24 ਦਸੰਬਰ 2025 ਦੇ ਹੁਕਮਾਂ ਦੀ ਸ਼ਰੇਆਮ ਉਲੰਘਣਾ ਕੀਤੀ ਗਈ ਹੈ। ਪੰਜਾਬ ਸਿਵਲ ਨਿਯਮਾਂ ਤਹਿਤ ਅਨੁਸ਼ਾਸਨੀ ਕਾਰਵਾਈ, 131000 ਰੁਪਏ ਜੁਰਮਾਨਾ ਲਗਾਉਣ, ਪੁੱਟੇ ਗਏ ਹਰੇ ਭਰੇ ਰੁੱਖਾਂ ਬਦਲੇ ਪੰਜ ਗੁਣਾਂ 5 ਫੁੱਟ ਉਚਾਈ ਦੇ ਵਧੀਆਂ ਕਿਸਮਾਂ ਦੇ ਬੂਟੇ ਵਿਸ਼ੇਸ਼ ਜ਼ਮੀਨ ਵਿਚ ਲਗਾ ਕੇ ਪੰਜ ਸਾਲ ਸੰਭਾਲ ਕਰਨ ਦੀ ਜ਼ਿੰਮੇਵਾਰੀ ਤਹਿ ਕਰਨ, 25 ਏਕੜ ਵਾਲੀ ਜਗ੍ਹਾ ਵਿਚ ਖੜ੍ਹੇ ਬਾਕੀ ਰੁੱਖਾਂ 'ਤੇ ਨੰਬਰ ਲਗਾ ਕੇ ਵਿਸ਼ੇਸ਼ ਰਿਕਾਰਡ ਤਿਆਰ ਕਰਕੇ ਰੁੱਖਾਂ ਦੀ ਰੱਖਿਆ ਕਰਨ ਦੇ ਆਦੇਸ਼ ਦੇਣ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸਿਫਾਰਸ਼ ਕੀਤੀ ਹੈ।

ਸ.ਸ.ਸ ਸਕੂਲ ਭਦੌੜ ਦੀਆਂ ਦੋ ਵਿਦਿਆਰਥਣਾਂ ਮੈਰਿਟ 'ਚ ਆਈਆਂ

ਭਦੌੜ, 13 ਮਈ(ਸੁਖਵਿੰਦਰ ਪਲਾਹਾ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਸ਼੍ਰੇਣੀ ਦੇ ਨਤੀਜਿਆਂ ਵਿੱਚ ਜ਼ਿਲ੍ਹਾ ਬਰਨਾਲਾ ਦੇ ਕਸਬਾ ਭਦੌੜ ਦੀਆਂ ਦੋ ਹੋਣਹਾਰ ਵਿਦਿਆਰਥਣਾਂ ਨੇ ਮਿਸਾਲੀ ਸਫ਼ਲਤਾ ਹਾਸਲ ਕਰਕੇ ਸਰਕਾਰੀ ਸਕੂਲਾਂ ਦਾ ਮਾਣ ਵਧਾਇਆ ਹੈ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਭਦੌੜ ਦੀਆਂ ਵਿਦਿਆਰਥਣਾਂ ਨੀਸ਼ੂ (ਰੋਲ ਨੰਬਰ 2026233434) ਪੁੱਤਰੀ ਮੇਜਰ ਖਾਨ ਅਤੇ ਰਿਪਨਪ੍ਰੀਤ ਕੌਰ (ਰੋਲ ਨੰਬਰ 2026233444) ਪੁੱਤਰੀ ਗੁਰਜੰਟ ਸਿੰਘ ਨੇ ਸਖ਼ਤ ਮਿਹਨਤ ਸਦਕਾ 500 ਵਿੱਚੋਂ 485 ਅੰਕ ਪ੍ਰਾਪਤ ਕੀਤੇ ਹਨ। ਇਹਨਾਂ ਦੋਵਾਂ ਵਿਦਿਆਰਥਣਾਂ ਨੇ 97 ਪ੍ਰਤੀਸ਼ਤ ਅੰਕਾਂ ਨਾਲ ਸੂਬਾ ਪੱਧਰੀ ਮੈਰਿਟ ਸੂਚੀ ਵਿੱਚ ਕ੍ਰਮਵਾਰ 182ਵਾਂ ਅਤੇ 207ਵਾਂ ਰੈਂਕ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ, ਜਿਸ ਨਾਲ ਸਕੂਲ ਪ੍ਰਬੰਧਕਾਂ ਅਤੇ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਸਕੂਲ ਸਟਾਫ਼ ਵੱਲੋਂ ਇਹਨਾਂ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਗਈ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਵਾਸੁੰਧਰਾ ਕਪਿਲਾ ਨੇ ਕਿਹਾ ਕਿ ਨੀਸ਼ੂ ਅਤੇ ਰਿਪਨਪ੍ਰੀਤ ਕੌਰ ਦੀ ਇਸ ਉਪਲੱਬਧੀ ਨੇ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਵਜੋਂ ਕੰਮ ਕੀਤਾ ਹੈ, ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦਾ ਮਨੋਬਲ ਹੋਰ ਉੱਚਾ ਹੋਵੇਗਾ। ਇਸ ਮੌਕੇ ਲੈਕਚਰਾਰ ਡਿੰਪਲ ਕੁਮਾਰ, ਮਾ. ਵਿਸ਼ਾਲ ਕੁਮਾਰ, ਮੈਡਮ ਹਰਪ੍ਰੀਤ ਕੌਰ, ਮਾ. ਪ੍ਰੇਮ ਕੁਮਾਰ, ਮੈਡਮ ਕੁਲਜਿੰਦਰ ਕੌਰ ਆਦਿ ਹਾਜ਼ਰ ਸਨ।

ਚਲਾਨ ਦਾ ਨਿਰਧਾਰਤ ਸਮੇਂ 'ਚ ਭੁਗਤਾਨ ਕਰਨ ਵਾਹਨ ਮਾਲਕ : ਰੀਜ਼ਨਲ ਟਰਾਂਸਪੋਰਟ ਅਫ਼ਸਰ

ਬਰਨਾਲਾ, 13 ਮਈ (ਬਘੇਲ ਸਿੰਘ ਧਾਲੀਵਾਲ) : ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਦੇ ਹੁਕਮਾਂ ਅਨੁਸਾਰ ਰੀਜਨਲ ਟਰਾਂਸਪੋਰਟ ਅਫ਼ਸਰ ਬਰਨਾਲਾ (ਆਰਟੀਓ) ਰਾਜਪਾਲ ਸਿੰਘ ਸੇਖੋਂ ਪੀ ਸੀ ਐੱਸ ਨੇ ਕਿਹਾ ਕਿ ਜਿਨ੍ਹਾਂ ਦੇ ਵਹੀਕਲ ਚਲਾਨ ਦੀ ਰਕਮ ਬਕਾਇਆ ਹੈ, ਉਸ ਚਲਾਨ ਦਾ ਭੁਗਤਾਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਨਿਰਧਾਰਤ ਸਮੇਂ ਅੰਦਰ ਭੁਗਤਾਨ ਨਾ ਕਰਨ 'ਤੇ ਮੋਟਰ ਵਹੀਕਲ ਐਕਟ ਤਹਿਤ ਹੋਵੇਗੀ ਕਾਰਵਾਈ ਹੋਵੇਗੀ। ਉਹਨਾਂ ਕਿਹਾ ਕਿ ਜਦੋਂ ਤੱਕ ਵਹੀਕਲ ਚਲਾਨ ਦੀ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਜਾਂਦਾ, ਓਦੋਂ ਤੱਕ ਵਾਹਨ ਪੋਰਟਲ 'ਤੇ ਕੋਈ ਵੀ ਵਹੀਕਲ ਨਾਲ ਸਬੰਧਤ ਕੰਮ ਜਿਵੇਂ ਕਿ ਆਰ.ਸੀ ਟਰਾਂਸਫਰ, ਆਰ.ਸੀ ਰਿਨਿਊ, ਫਿਟਨੈੱਸ ਅਤੇ ਪਰਮਿਟ ਆਦਿ ਦਾ ਕੰਮ ਨਹੀਂ ਹੋ ਸਕੇਗਾ, ਕਿਉਂਕਿ ਵਹੀਕਲਾਂ ਦੇ ਪੈਂਡਿੰਗ ਪਏ ਈ.ਚਲਾਨਾਂ ਨੂੰ ਵਾਹਨ ਪੋਰਟਲ 'ਤੇ ਤਬਦੀਲ ਨਹੀਂ (NOT TO BE TRANSACTED) ਕੀਤਾ ਜਾਂਦਾ ਹੈ। ਓਹਨਾਂ ਕਿਹਾ ਕਿ ਵਾਹਨ ਮਾਲਕ ਆਪਣੇ ਵਾਹਨਾਂ ਨਾਲ ਸਬੰਧਤ ਪੈਂਡਿੰਗ ਚਲਾਨਾਂ ਨੂੰ ਤੁਰੰਤ ਅਦਾ ਕਰਨ। ਨਿਰਧਾਰਤ ਸਮੇਂ ਅੰਦਰ ਭੁਗਤਾਨ ਨਾ ਕਰਨ ਦੀ ਸੂਰਤ ਵਿਚ ਮੋਟਰ ਵਹੀਕਲ ਐਕਟ ਅਧੀਨ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ, ਜਿਸ ਲਈ ਵਾਹਨ ਮਾਲਕ ਖੁਦ ਜ਼ਿੰਮੇਵਾਰ ਹੋਣਗੇ।

ਸ੍ਰੀ ਗੁਰੂ ਰਾਮਦਾਸ ਸਾਹਿਬ ਲੰਗਰ ਅਤੇ ਜਲ ਸੇਵਾ ਕਮੇਟੀ ਦੀ ਮਹੀਨਾਵਾਰ ਮੀਟਿੰਗ

ਬਰਨਾਲਾ, 13 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸ਼੍ਰੀ ਗੁਰੂ ਰਾਮਦਾਸ ਸਾਹਿਬ ਲੰਗਰ ਅਤੇ ਜਲ ਸੇਵਾ ਕਮੇਟੀ (ਰਜਿ:) ਬਰਨਾਲਾ ਦੀ ਵਿਸ਼ੇਸ਼ ਮੀਟਿੰਗ ਬਸੰਤ ਕੁਮਾਰ ਗੌਇਲ ਦੀ ਸਰਪ੍ਰਸਤੀ ਹੇਠ ਹੋਈ, ਜਿਸ ਵਿਚ ਸਮੂਹ ਸੇਵਾਦਾਰ ਹਾਜ਼ਰ ਹੋਏ। ਮੀਟਿੰਗ ਦੌਰਾਨ ਪਿਛਲੇ ਇੱਕ ਮਹੀਨੇ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕੀਤਾ ਗਿਆ। ਪ੍ਰਧਾਨ ਭੰਤ ਰਾਜ ਅਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਪਨੇਸਰ ਨੇ ਕਿਹਾ ਕਿ ਮੀਟਿੰਗ ਉਪਰੰਤ ਯਾਤਰੀਆਂ ਨੂੰ ਲੰਗਰ ਛਕਾਇਆ ਗਿਆ। ਰੇਲਵੇ ਸਟੇਸ਼ਨ ਬਰਨਾਲਾ ਤੇ ਨੰਦੇੜ ਸਾਹਿਬ ਨੂੰ ਜਾਣ ਅਤੇ ਆਉਣ ਵਾਲੀਆਂ ਗੱਡੀਆਂ ਦੀ ਸੰਗਤ ਨੂੰ ਹਰ ਮੰਗਲਵਾਰ, ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਵਾਲੇ ਦਿਨ ਲੰਗਰ ਛਕਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਮੈਂਬਰਾਂ ਵੱਲੋਂ ਰੋਜ਼ਾਨਾ ਠੰਢਾ ਜਲ ਵੀ ਸੰਗਤਾਂ ਨੂੰ ਛਕਾਇਆ ਜਾਂਦਾ ਹੈ। ਇਸ ਮੌਕੇ ਭਗਤ ਸਿੰਘ ਸੰਘੇੜਾ ਨੇ ਚਾਵਲਾਂ ਦੀ ਸੇਵਾ ਦਾ ਯੋਗਦਾਨ ਪਾਇਆ। ਲੰਗਰ ਕਮੇਟੀ ਦੇ ਮੈਂਬਰ ਗੁਰੂ ਨਾਨਕ ਦੇਵ ਜੀ ਦੀ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦੀ ਸਿੱਖਿਆ 'ਤੇ ਅਮਲ ਕਰਦੇ ਹੋਏ ਮਾਨਵਤਾ ਦੀ ਸੇਵਾ ਕਰਦੇ ਹਨ। ਐਨਾ ਹੀ ਨਹੀਂ ਬਰਨਾਲਾ ਤੋਂ ਲੈ ਕੇ ਧੂਰੀ ਅਤੇ ਰਾਮਪੁਰੇ ਤੱਕ ਲੰਗਰ ਦੇ ਪੈਕਟ ਵਰਤਾਏ ਜਾਂਦੇ ਹਨ ਤਾਂ ਜੋ ਲੋੜ ਪੈਣ 'ਤੇ ਸੰਗਤਾਂ ਰਸਤੇ 'ਚ ਲੰਗਰ ਛੱਕ ਲੈਣ। ਇਸ ਦੌਰਾਨ ਬਾਬਾ ਭਗਤ ਸਿੰਘ ਸੰਘੇੜਾ ਨੂੰ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਧਿਆਨ ਸਿੰਘ, ਦਰਸ਼ਨ ਸਿੰਘ, ਗੁਰਪ੍ਰੀਤ ਸਿੰਘ ਪਨੇਸਰ, ਅਵਤਾਰ ਸਿੰਘ ਪੇਂਟਰ, ਭਜਨ ਸਿੰਘ ਜੰਡੂ, ਸੁਰਜੀਤ ਸਿੰਘ, ਕਮਲਜੀਤ ਸਿੰਘ ਅਤੇ ਪਵਨ ਕੁਮਾਰ ਆਦਿ ਤੋਂ ਇਲਾਵਾ ਬੀਬੀਆਂ ਵੀ ਮੀਟਿੰਗ 'ਚ ਹਾਜ਼ਰ ਸਨ। ਸਮੂਹ ਸੇਵਾਦਾਰਾਂ ਵੱਲੋਂ ਵੀ ਲੰਗਰ ਵਰਤਾਉਣ 'ਚ ਪੂਰਾ ਯੋਗਦਾਨ ਪਾਇਆ ਗਿਆ।

ਬਾਰ੍ਹਵੀਂ ਦੀ ਪ੍ਰੀਖਿਆ ਵਿੱਚ ਮਦਰ ਟੀਚਰ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਬਰਨਾਲਾ, 13 ਮਈ (ਇਸ਼ੇਨ ਕੰਗ) : ਮਦਰ ਟੀਚਰ ਸਕੂਲ ਆਪਣੇ ਵਿਦਿਆਰਥੀਆਂ ਦੀ ਸੀ ਬੀ ਐਸ ਈ ਕਲਾਸ ਬਾਰ੍ਹਵੀਂ ਦੀ ਬੋਰਡ ਪ੍ਰੀਖਿਆ 2025-26 ਵਿੱਚ ਪ੍ਰਾਪਤ ਕੀਤੀ ਸ਼ਾਨਦਾਰ ਸਫ਼ਲਤਾ 'ਤੇ ਬਹੁਤ ਮਾਣ ਮਹਿਸੂਸ ਕਰਦਾ ਹੈ। ਕਾਮਰਸ ਅਤੇ ਸਾਇੰਸ ਦੋਵੇਂ ਸਟ੍ਰੀਮਾਂ ਦੇ ਵਿਦਿਆਰਥੀਆਂ ਨੇ ਆਪਣੀ ਲਗਨ, ਮਿਹਨਤ ਅਤੇ ਸਮਰਪਣ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਕਾਮਰਸ ਸਟ੍ਰੀਮ ਵਿੱਚ ਮਿਸ ਪੁਸ਼ਟੀ ਸਿੰਗਲਾ ਨੇ 97.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਬਾਅਦ ਰੁਬਵੀਰ ਕੌਰ ਨੇ 96.2%, ਯੋਗੇਸ਼ ਬਾਂਸਲ ਨੇ 95.4%, ਸੁਧਾਂਸ਼ ਗੌਇਲ ਨੇ 93.2% ਅਤੇ ਨੈਤਿਕ ਬਾਂਸਲ ਨੇ 90.2% ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਲਈ ਇਹ ਗੌਰਵਮਈ ਗੱਲ ਹੈ ਕਿ ਕਾਮਰਸ ਸਟ੍ਰੀਮ ਦੇ 20 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਸਾਇੰਸ ਸਟ੍ਰੀਮ ਵਿੱਚ ਅੰਮ੍ਰਿਤ ਕੌਰ ਅਤੇ ਲਕਸ਼ੇ ਸਿੰਗਲਾ ਨੇ 90% ਅੰਕ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ। ਇਸ ਤੋਂ ਇਲਾਵਾ, ਸਾਇੰਸ ਸਟ੍ਰੀਮ ਦੇ 9 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਵਿਦਿਆਰਥੀਆਂ ਦੀ ਲਗਾਤਾਰ ਮਿਹਨਤ ਅਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ। ਸਕੂਲ ਦੇ ਪ੍ਰਿੰਸੀਪਲ ਨੇ ਸਾਰੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਕਾਬਿਲ-ਏ-ਤਾਰੀਫ਼ ਸਫਲਤਾ ਲਈ ਦਿਲੋਂ ਵਧਾਈ ਦਿੱਤੀ। ਸਕੂਲ ਪ੍ਰਬੰਧਕ ਕਮੇਟੀ ਨੇ ਵੀ ਵਿਦਿਆਰਥੀਆਂ ਦੀ ਕਠਿਨ ਮਿਹਨਤ ਅਤੇ ਸਮਰਪਣ ਦੀ ਸਲਾਹਿਤਾ ਕਰਦਿਆਂ ਉਨ੍ਹਾਂ ਦੇ ਸੁਨਹਿਰੇ ਅਤੇ ਕਾਮਯਾਬ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਮੰਗਾਂ ਨਾ ਮੰਨੀਆਂ ਤਾਂ 'ਆਪ' ਉਮੀਦਵਾਰਾਂ ਦਾ ਹੋਵੇਗਾ ਤਿੱਖਾ ਵਿਰੋਧ

ਤਪਾ ਮੰਡੀ, 13 ਮਈ (ਰਾਜੂ ਮਹਿਰਾ) : ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਲੈ ਕੇ ਜਿੱਥੇ ਸਫਾਈ ਕਰਮਚਾਰੀ ਪਿਛਲੇ ਕਈ ਦਿਨਾਂ ਤੋਂ ਹੜਤਾਲ 'ਤੇ ਬੈਠੇ ਰੋਸ ਪ੍ਰਦਰਸ਼ਨ ਕਰ ਰਹੇ ਹਨ, ਉੱਥੇ ਦੂਜੇ ਪਾਸੇ ਨਗਰ ਕੌਂਸਲ ਚੋਣਾਂ ਦਾ ਐਲਾਨ ਹੁੰਦੇ ਹੀ ਉਹਨਾਂ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਅਗਰ ਉਹਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਹ ਆਪ ਉਮੀਦਵਾਰਾਂ ਦਾ ਤਿੱਖਾ ਵਿਰੋਧ ਕਰਨਗੇ। ਦੱਸ ਦੇਈਏ ਕਿ ਸਫਾਈ ਕਰਮਚਾਰੀ ਦੀ ਹੜਤਾਲ ਦੇ ਚੱਲਦਿਆਂ ਸ਼ਹਿਰ ਦੇ ਚੁਰਸਤਿਆ, ਗਲੀਆਂ, ਮਹੱਲਿਆਂ 'ਚ ਜਿੱਥੇ ਕੂੜੇ ਦੇ ਢੇਰ ਲੱਗੇ ਹੋਏ ਹਨ, ਉੱਥੇ ਦੂਜੇ ਪਾਸੇ ਕਈ ਥਾਵਾਂ 'ਤੇ ਸੀਵਰੇਜ ਦਾ ਗੰਦਾ ਪਾਣੀ ਓਵਰਫਲੋਅ ਹੋ ਕੇ ਨਿਕਲ ਰਿਹਾ ਹੈ, ਜਿਸ ਕਾਰਨ ਬਿਮਾਰੀਆਂ ਫੈਲਣ ਦਾ ਖਦਸ਼ਾ ਵੱਧ ਗਿਆ ਹੈ। ਇਸ ਖੜ੍ਹੇ ਗੰਦੇ ਪਾਣੀ ਉੱਪਰ ਮੱਖੀਆਂ ਮੱਛਰ ਵੱਡੀ ਤਾਦਾਦ 'ਚ ਜਮ੍ਹਾਂ ਹੋ ਗਏ ਹਨ। ਜਿਸ 'ਤੇ ਸ਼ਹਿਰ ਵਾਸੀਆਂ ਨੇ ਸੂਬਾ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਤੋਂ ਮੰਗ ਕਰਦਿਆਂ ਕਿਹਾ ਕਿ ਸਫਾਈ ਸੇਵਕਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਕੀਤਾ ਜਾਵੇ। ਉੱਧਰ ਦੂਜੇ ਪਾਸੇ ਸਫਾਈ ਸੇਵਕਾਂ ਦਾ ਕਹਿਣਾ ਹੈ ਕਿ ਜਿਹੜੇ ਵੀ ਉਮੀਦਵਾਰ ਚੋਣ ਮੈਦਾਨ ਵਿਚ ਉੱਤਰਣਗੇ, ਉਹਨਾਂ ਨੂੰ ਲੋਕਾਂ ਸਾਹਮਣੇ ਘੇਰਿਆ ਜਾਵੇਗਾ ਅਤੇ ਧਰਨਾ ਜਾਰੀ ਰਹੇਗਾ।

ਵਿਦਿਆਰਥੀਆਂ ਨੂੰ ਖੇਡ ਨਾਲੋਂ ਸ਼ਰੀਰਕ ਅੰਗਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ

ਬਰਨਾਲਾ, 13 ਮਈ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਯੂ.ਕੇ.ਜੀ ਦੇ ਵਿਦਿਆਰਥੀਆਂ ਲਈ 'ਇੰਦਰੀਆਂ ਦੇ ਅੰਗਾਂ' 'ਤੇ ਕੇਂਦ੍ਰਿਤ ਇੱਕ ਬਹੁਤ ਹੀ ਦਿਲਚਸਪ ਅਤੇ ਵਿੱਦਿਅਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪਹਿਲਕਦਮੀ ਦਾ ਉਦੇਸ਼ ਬੱਚਿਆਂ ਨੂੰ ਪੰਜ ਮਨੁੱਖੀ ਇੰਦਰੀਆਂ - ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ ਦੀ ਮਹੱਤਤਾ ਅਤੇ ਕਾਰਜਾਂ ਤੋਂ ਜਾਣੂੰ ਕਰਵਾਉਣਾ ਸੀ ਇੱਕ ਸਰਲ ਅਤੇ ਮਨੋਰੰਜਕ ਢੰਗ ਨਾਲ। ਇਸ ਪ੍ਰੋਗਰਾਮ ਦੌਰਾਨ, ਅਧਿਆਪਕਾਂ ਨੇ ਵੱਖ-ਵੱਖ ਉਦਾਹਰਣਾਂ ਅਤੇ ਇੰਟਰਐਕਟਿਵ ਸੰਵਾਦਾਂ ਦੀ ਵਰਤੋਂ ਕਰਦੇ ਹੋਏ ਬੱਚਿਆਂ ਨੂੰ ਪੰਜ ਇੰਦਰੀਆਂ ਦੇ ਕਾਰਜਾਂ

ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਨੇ ਅੰਮ੍ਰਿਤ ਵੇਲਾ ਸਮਾਗਮ ਕਰਵਾਇਆ

ਅੰਮ੍ਰਿਤਸਰ, 13 ਮਈ (ਬਬਲੂ ਮਹਾਜਨ) : ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਗੰਡਾ ਸਿੰਘ ਕਲੋਨੀ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਦੀ ਅਗਵਾਈ ਹੇਠ ਅੰਮ੍ਰਿਤ ਵੇਲਾ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ। ਸਮਾਗਮ ਦੌਰਾਨ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਨਾਮ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਨੁੱਖ ਨੂੰ ਆਤਮਿਕ ਸ਼ਾਂਤੀ ਲਈ ਗੁਰੂ ਸਾਹਿਬਾਨ ਦੀ ਬਾਣੀ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਗਤਾਂ ਨੂੰ ਸੇਵਾ, ਸਿਮਰਨ ਅਤੇ ਗੁਰਮਤਿ ਜੀਵਨ ਅਪਣਾਉਣ ਦਾ ਸੰਦੇਸ਼ ਵੀ ਦਿੱਤਾ।ਇਸ ਮੌਕੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਹਰ ਵੀਰਵਾਰ ਸ਼ਾਮ 4 ਵਜੇ ਤੋਂ 7 ਵਜੇ ਤੱਕ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਜਾਂਦਾ ਹੈ। ਇਸ ਸਮਾਗਮ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸਮੇਤ ਵੱਖ-ਵੱਖ ਕੀਰਤਨ ਜਥੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਹਨ। ਉਨ੍ਹਾਂ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਏ.ਆਈ. ਦੀ ਮਦਦ ਨਾਲ ਖੇਤਬਾੜੀ ਦੇ ਵਿਕਾਸ ਬਾਰੇ ਇਕ ਰੋਜ਼ਾ ਸੈਮੀਨਾਰ

ਏਆਈ ਮਨੁੱਖ ਦੀ ਸਹਾਇਤਾ ਲਈ, ਨਾ ਕਿ ਮਨੁੱਖ ਇਸ ਦੇ ਗੁਲਾਮ ਬਣਨ : ਵਾਈਸ ਚਾਂਸਲਰ

ਅੰਮ੍ਰਿਤਸਰ, 13 ਮਈ : ਗੁਰਦਿਆਲ ਸਿੰਘ : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਮਨੁੱਖ ਦੀ ਸਹਾਇਤਾ ਲਈ ਬਣਾਈ ਗਈ ਹੈ ਨਾ ਕਿ ਮਨੁੱਖ ਇਸ ਦੇ ਗੁਲਾਮ ਬਣ ਕੇ ਰਹਿ ਜਾਣ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਧਿਆਨ ਵਿੱਚ ਰੱਖਦਿਆਂ ਤਕਨਾਲੋਜੀ ਦਾ ਇਸਤੇਮਾਲ ਮਨੁੱਖੀ ਭਲਾਈ ਅਤੇ ਸਾਰਿਆਂ ਦੇ ਕਲਿਆਣ ਲਈ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਖੇਤੀਬਾੜੀ ਵਿਚ ਵਿਕਾਸ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ ਜਿਸ ਦੇ ਇਸਤੇਮਾਲ ਨਾਲ ਪੈਦਾਵਾਰ ਅਤੇ ਗੁਣਵੱਤਾ ਵਧਾਈ ਜਾ ਸਕਦੀ ਹੈ।ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬ ਸਕੂਲ ਆਫ ਇਕਨਾਮਿਕਸ ਵੱਲੋਂ ਰੂਸਾ ਅਧੀਨ ਕਰਵਾਏ ਇਕ ਰੋਜ਼ਾ ਸੈਮੀਨਾਰ ਐਮਪਾਵਰਿੰਗ ਐਗਰੀਕਲਚਰਲ ਸਸਟੇਨੇਬਿਲਟੀ ਥਰੂ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਸੰਬੋਧਨ ਕਰ ਰਹੇ ਸਨ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਏਆਈ ਖੇਤੀਬਾੜੀ ਵਿੱਚ ਵੱਡਾ ਬਦਲਾਅ ਲਿਆ ਸਕਦੀ ਹੈ। ਇਸ ਨਾਲ ਕਿਸਾਨਾਂ ਨੂੰ ਫ਼ਸਲਾਂ ਦੀ ਸੰਭਾਲ, ਮਿੱਟੀ ਦੀ ਜਾਂਚ, ਪਾਣੀ ਦੀ ਬਚਤ ਅਤੇ ਉਤਪਾਦਨ ਵਧਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ, ਨਵੀਂ ਦਿੱਲੀ ਅਤੇ ਏ.ਜੀ.ਐਚ. ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ, ਪੋਲੈਂਡ ਨਾਲ ਕੀਤੇ ਜਾ ਰਹੇ ਸਾਂਝੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ।ਸੈਮੀਨਾਰ ਵਿੱਚ ਏ.ਜੀ.ਐਚ. ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ, ਪੋਲੈਂਡ ਤੋਂ ਪਹੁੰਚੇ ਵਿਦਵਾਨ ਪ੍ਰੋ. ਡਾਇਰੂਸਜ਼ ਸਲਾਨੇ ਕਿਹਾ ਕਿ ਖੇਤੀਬਾੜੀ ਅਤੇ ਏਆਈ ਦਾ ਮਿਲਾਪ ਭਵਿੱਖ ਲਈ ਬਹੁਤ ਲਾਭਦਾਇਕ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਚੱਲ ਰਹੇ ਅਕਾਦਮਿਕ ਸਹਿਯੋਗ ਦੀ ਪ੍ਰਸੰਸਾ ਕੀਤੀ। ਇਸ ਮੌਕੇ ਪ੍ਰੋ. ਡਾਇਰੂਸਜ਼ ਸੀਕੋਨ ਨੇ ਵਿਦਿਆਰਥੀਆਂ ਨੂੰ ਆਪਣੀ ਯੂਨੀਵਰਸਿਟੀ ਵਿੱਚ ਮਾਸਟਰਜ਼ ਅਤੇ ਪੀਐੱਚ.ਡੀ. ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ।ਮੁੱਖ ਭਾਸ਼ਣ ਦਿੰਦਿਆਂ ਪ੍ਰੋ. ਗਗਨਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਵਿੱਚ ਨਵੀਆਂ ਸੋਚਾਂ ਅਤੇ ਤਕਨਾਲੋਜੀ ਨਾਲ ਖੇਤੀਬਾੜੀ ਨੂੰ ਮਜ਼ਬੂਤ ਕਰਨ ਦੀ ਪੂਰੀ ਸਮਰੱਥਾ ਹੈ।ਸੈਮੀਨਾਰ ਦੌਰਾਨ ਖੇਤੀ ਵਿੱਚ ਏਆਈ ਦੀ ਵਰਤੋਂ, ਫਸਲਾਂ ਦੀ ਨਿਗਰਾਨੀ, ਪਾਣੀ ਦੀ ਸੰਭਾਲ ਅਤੇ ਟਿਕਾਊ ਖੇਤੀਬਾੜੀ ਨਾਲ ਜੁੜੇ ਕਈ ਵਿਸ਼ਿਆਂ 'ਤੇ ਵਿਚਾਰ ਸਾਂਝੇ ਕੀਤੇ ਗਏ। ਇਸ ਵਿੱਚ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

ਬਾਬਾ ਸੁੱਖਾ ਸਿੰਘ ਵੱਲੋਂ ਬੰਨ੍ਹ ਮਜ਼ਬੂਤੀ ਦਾ ਸੇਵਾ ਕਾਰਜ ਆਰੰਭ

ਚੋਹਲਾ ਸਾਹਿਬ , 13 ਮਈ (ਭਗਤ ਸਿੰਘ ਸੰਧੂ) : ਸਾਲ 2023 ਅਤੇ 2025 ਦੇ ਹੜ੍ਹਾਂ ਵਿਚ ਪੰਜਾਬ ਨੂੰ ਭਾਰੀ ਮੁਸੀਬਤਾਂ ਨਾਲ ਜੂਝਣਾ ਪਿਆ ਸੀ। ਇਸ ਸਾਲ ਅਗਾਊਂ ਪ੍ਰਬੰਧ ਕਰਨ ਹਿੱਤ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਵੱਖ-ਵੱਖ ਇਲਾਕਿਆਂ ਦੌਰਾ ਕਰ ਰਹੇ ਹਨ ਤਾਂ ਜੋ ਕਮਜ਼ੋਰ ਬੰਨ੍ਹਾਂ ਦਾ ਜਾਇਜ਼ਾ ਲਿਆ ਜਾਵੇ ਅਤੇ ਮਜ਼ਬੂਤੀ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ। ਅੱਜ ਬਾਬਾ ਜੀ ਸੁਲਤਾਨਪੁਰ ਲੋਧੀ ਤਹਿਸੀਲ ਦੇ ਪਿੰਡ ਚੱਕ ਪੱਤੀ ਬਾਲੂ ਬਹਾਦਰ ਵਿਖੇ ਪਹੁੰਚੇ ਅਤੇ ਅਰਦਾਸ ਕਰਕੇ ਕਮਜ਼ੋਰ ਬੰਨ੍ਹ ਦੀ ਮਜਬੂਤੀ ਲਈ ਸੇਵਾ ਕਾਰਜ ਆਰੰਭ ਕੀਤਾ। ਇਸ ਮੌਕੇ ਜਥੇਦਾਰ ਗੁਰਦੀਪ ਸਿੰਘ ਸ਼ਹੀਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਥੋਂ ਬਿਆਸ ਦਰਿਆ ਦਾ ਅਡਵਾਂਸ ਬੰਨ੍ਹ ਪਹਿਲਾਂ ਦੋ ਵਾਰ ਟੁੱਟ ਚੁੱਕਾ ਹੈ। ਸਾਲ 2023 ਅਤੇ 2025 ਵਿਚ ਬਾਬਾ ਜੀ ਨੇ ਇਥੇ ਟੁੱਟੇ ਬੰਨ੍ਹ ਬੰਨ੍ਹਣ ਦੀ ਸੇਵਾ ਕਰਵਾਈ ਸੀ । ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਅੱਜ ਸੰਪਰਦਾਇ ਵੱਲੋਂ ਭਾਰੀ ਮਸ਼ੀਨਰੀ ਭੇਜੀ ਗਈ ਹੈ, ਜਿਸ ਵਿਚ ਇਕ ਪੋਕਲੇਨ ਮਸ਼ੀਨ, ਇਕ ਜੇ.ਸੀ.ਬੀ. ਮਸ਼ੀਨ, ਟਿੱਪਰ ਅਤੇ ਟਰਾਲੀਆਂ ਹਨ। ਅੱਜ ਅਰਦਾਸ ਕਰਕੇ ਬੰਨ੍ਹ ਮਜ਼ਬੂਤੀ ਲਈ ਸੇਵਾ ਆਰੰਭ ਕਰਵਾ ਦਿੱਤੀ ਗਈ ਹੈ ਤਾਂ ਜੋ ਇਹ ਇਲਾਕਾ ਦੁਬਾਰਾ ਹੜ੍ਹ ਗ੍ਰਸਤ ਨਾ ਹੋਵੇ। ਇਥੇ 600 ਤੋਂ 800 ਲਿਟਰ ਡੀਜ਼ਲ ਰੋਜ਼ਾਨਾ ਖਪਤ ਦੀ ਸੰਭਾਵਨਾ ਹੈ।

ਜਗਤ ਮਾਤਾ ਗੁਜਰ ਕੌਰ ਜੀ ਭਲਾਈ ਕੇਂਦਰ ਟਰੱਸਟ ਵਿਖੇ ਕਰਾਇਆ ਇਨਾਮ ਵੰਡ ਸਮਾਰੋਹ

ਜੰਡਿਆਲਾ ਗੁਰੂ ,13 ਮਈ (ਰਾਮ ਸ਼ਰਨਜੀਤ ਸਿੰਘ) : ਜਗਤ ਮਾਤਾ ਗੁਜਰ ਕੌਰ ਜੀ ਭਲਾਈ ਕੇਂਦਰ ਟਰੱਸਟ ਜੰਡਿਆਲਾ ਗੁਰੂ ਜੋ ਕਿ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਨਰਿੰਦਰ ਸਿੰਘ ਦੀ ਰਹਿਨਮਾਈ ਹੇਠ ਚੱਲ ਰਿਹਾ ਹੈ ਜਿਸ ਵਿੱਚ ਅੱਜ ਚੁਪਹਿਰਾ ਜਪ ਤਪ ਸਮਾਗਮ ਕਰਵਾਇਆ ਗਿਆ ਇਸ ਮੌਕੇ ਭਾਈ ਨਰਿੰਦਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇੱਥੇ ਜੋ ਕੋਰਸ ਚੱਲ ਰਹੇ ਨੇ ਜਿੰਨਾ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਇੰਗਲਿਸ਼ ਸਪੀਕਿੰਗ ਸੈਂਟਰ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਸਲਾਈ ਕਢਾਈ ਸਿਖਲਾਈ ਸੈਂਟਰ ਸਾਹਿਬਜ਼ਾਦਾ ਫਤਿਹ ਸਿੰਘ ਜੀ ਨਿਸ਼ਕਾਮ ਕੰਪਿਊਟਰ ਟ੍ਰੇਨਿੰਗ ਸੈਂਟਰ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ ਅਤੇ ਲੋੜਵੰਦ ਬੱਚਿਆਂ ਨੂੰ ਸਲਾਈਕ ਮਸ਼ੀਨਾਂ ਵੀ ਦਿੱਤੀਆਂ ਗਈਆਂ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕਿਰਤ ਕਰਕੇ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ ਜਿਸ ਮੌਕੇ ਭਾਈ ਨਰਿੰਦਰ ਸਿੰਘ ਅਤੇ ਬੀਬੀ ਪਰਮਜੀਤ ਕੌਰ ਪੰਮਾ ਭੈਣ ਨੇ ਕੀਰਤਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਨਰਿੰਦਰ ਸਿੰਘ ਨੇ ਸਾਰੀਆਂ ਬੱਚੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਚੇਚੇ ਤੌਰ 'ਤੇ ਟਹਿਲ ਇੰਦਰ ਸਿੰਘ, ਭੁਪਿੰਦਰ ਸਿੰਘ, ਪ੍ਰਿੰਸੀਪਲ ਕੁਲਵਿੰਦਰ ਕੌਰ,ਉਪਦੀਪ ਸਿੰਘ, ਪ੍ਰਿੰਸ ਆਦਿ ਹਾਜ਼ਰ ਸਨ ।

ਬੇਅਦਬੀ ਵਿਰੋਧੀ ਨਵੇਂ ਕਾਨੂੰਨ 'ਚ ਸੋਧ ਸਬੰਧੀ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤਾ ਮੰਗ ਪੱਤਰ

ਅੰਮ੍ਰਿਤਸਰ, 13 ਮਈ (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਅੱਜ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਇਕੱਤਰ ਹੋਏ, ਜਿਨ੍ਹਾਂ ਵਿੱਚ ਦਮਦਮੀ ਟਕਸਾਲ ਅਤੇ ਦਸਮੇਸ਼ ਤਰਨਾ ਦਲ ਫਗਵਾੜਾ ਦੇ ਆਗੂ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਇਸ ਮੌਕੇ ਜਥੇਬੰਦੀਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣਾਏ ਗਏ ਨਵੇਂ ਸਖ਼ਤ ਕਾਨੂੰਨ ਸਬੰਧੀ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਅਤੇ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ ਇੱਕ ਮੰਗ ਪੱਤਰ ਸੌਂਪਿਆ।ਮੀਡੀਆ ਨਾਲ ਗੱਲਬਾਤ ਕਰਦਿਆਂ ਦਮਦਮੀ ਟਕਸਾਲ ਦੇ ਗਿਆਨੀ ਬਲਕਾਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ, ਪਰ ਨਵੇਂ ਕਾਨੂੰਨ ਵਿੱਚ ਕਸਟੋਡੀਅਨ (ਗ੍ਰੰਥੀ ਸਿੰਘ ਅਤੇ ਪ੍ਰਬੰਧਕੀ ਕਮੇਟੀਆਂ) ਵਿਰੁੱਧ ਕਾਰਵਾਈ ਦੀ ਜੋ ਮਦ ਰੱਖੀ ਗਈ ਹੈ, ਉਹ ਚਿੰਤਾਜਨਕ ਹੈ। ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਪਿੰਡਾਂ ਦੀ ਸਿਆਸਤ ਜਾਂ ਨਿੱਜੀ ਰੰਜਿਸ਼ ਕਾਰਨ ਕੋਈ ਵੀ ਵਿਅਕਤੀ ਜਾਣਬੁੱਝ ਕੇ ਬੇਅਦਬੀ ਕਰਕੇ ਉਸ ਦਾ ਦੋਸ਼ ਗ੍ਰੰਥੀ ਸਿੰਘਾਂ ਸਿਰ ਮੜ੍ਹ ਸਕਦਾ ਹੈ। ਜੇਕਰ ਅਜਿਹਾ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਕੋਈ ਵੀ ਗ੍ਰੰਥੀ ਬਣਨ ਲਈ ਤਿਆਰ ਨਹੀਂ ਹੋਵੇਗਾ।ਦਸ਼ਮੇਸ਼ ਤਰਨਾ ਦਲ ਦੇ ਸਤੀਸ਼ ਸਿੰਘ ਖਾਲਸਾ ਨੇ ਕਿਹਾ ਕਿ ਸਿੱਖ ਸੰਗਤ ਇਸ ਵੇਲੇ ਦੁਵਿਧਾ ਵਿੱਚ ਹੈ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਇਸ ਕਾਨੂੰਨ ਨੂੰ ਮੌਜੂਦਾ ਸਰੂਪ ਵਿੱਚ ਨਾਮੰਜ਼ੂਰ ਕਰਨ ਦੇ ਸੰਕੇਤ ਮਿਲੇ ਹਨ। ਉਨ੍ਹਾਂ ਕਿਹਾ ਕਿ ਕਾਨੂੰਨ ਬਣਾਉਣ ਵੇਲੇ ਸਿੱਖ ਬੁੱਧੀਜੀਵੀਆਂ ਦੀ ਰਾਏ ਨਹੀਂ ਲਈ ਗਈ। ਜਥੇਬੰਦੀਆਂ ਨੇ ਮੰਗ ਕੀਤੀ ਕਿ ਇਸ ਕਾਨੂੰਨ ਵਿੱਚ ਤੁਰੰਤ ਸੋਧ ਕੀਤੀ ਜਾਵੇ ਤਾਂ ਜੋ ਕਿਸੇ ਨਿਰਦੋਸ਼ ਪਾਠੀ ਜਾਂ ਪ੍ਰਬੰਧਕ ਨੂੰ ਸਿਆਸੀ ਸਟੰਟਬਾਜ਼ੀ ਦਾ ਸ਼ਿਕਾਰ ਨਾ ਹੋਣਾ ਪਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਣ ਵਾਲੇ ਹੁਕਮਾਂ ਦੀ ਪਾਲਣਾ ਕਰਨਗੇ ਅਤੇ ਸਰਕਾਰ ਨੂੰ ਇਸ ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਸਤੀਸ਼ ਸਿੰਘ ਖਾਲਸਾ ਦਸ਼ਮੇਸ਼ ਤਰਨਾ ਦਲਗਿਆਨੀ ਬਲਕਾਰ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਗੁਰਾਇਆ ਪ੍ਰੇਮ ਸਿੰਘ ਮੰਗਾ ਸਿੰਘ ਸਲੂਜਾ ਸੁਲੱਖਣ ਸਿੰਘ ਖਾਲਸਾ ਅਤੇ ਹੋਰ ਵੀ ਆਗੂ ਮੌਜੂਦ ਸਨ।

ਪਵਿੱਤਰ ਧਰਤੀ ਤੋਂ ਗੂੰਜਿਆ ਸੱਦਾ: 31 ਜੁਲਾਈ ਨੂੰ ਹੋਵੇ ਵਿਸ਼ੇਸ਼ ਵਿਧਾਨ ਸਭਾ ਸੈਸ਼ਨ

ਜੰਡਿਆਲਾ ਗੁਰੂ, 13 ਮਈ (ਰਾਮ ਸ਼ਰਨਜੀਤ ਸਿੰਘ) : ਕੰਬੋਜ ਫਾਊਂਡੇਸ਼ਨ ਵੱਲੋਂ ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਸਥਾਪਿਤ ਕੀਤੀ ਜਾ ਰਹੀ ਨਿਵੇਕਲੀ ਯੂਨੀਵਰਸਿਟੀ ਦੇ ਹੱਕ ਵਿੱਚ ਅੱਜ ਗੁਰੂ ਨਗਰੀ ਅੰਮ੍ਰਿਤਸਰ ਤੋਂ ਜ਼ੋਰਦਾਰ ਅਵਾਜ਼ ਉੱਠੀ। ਮੰਗ ਕੀਤੀ ਗਈ ਕਿ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਪੰਜਾਬ ਸਰਕਾਰ ਸੁਨਾਮ ਊਧਮ ਸਿੰਘ ਵਾਲਾ ਵਿਖੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਯੂਨੀਵਰਸਿਟੀ ਦਾ ਸੰਵਿਧਾਨ ਪਾਸ ਕਰੇ। ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦੇ ਆਡੋਟੋਰੀਅਮ ਵਿੱਚ ਭਾਰੀ ਇਕੱਠ ਨੇ ਮਿਸ਼ਨ 31 ਜੁਲਾਈ ਦਾ ਨਾਅਰਾ ਬੁਲੰਦ ਕੀਤਾ। ਫਾਊਂਡਰ ਚਾਂਸਲਰ ਡਾ. ਸੰਦੀਪ ਸਿੰਘ ਕੰਬੋਜ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਕੰਬੋਜ ਭਾਈਚਾਰੇ ਦਾ ਇੱਕ ਵਫ਼ਦ ਪੰਜਾਬ ਦੇ ਹੁਨਰ ਵਿਕਾਸ ਮੰਤਰੀ ਅਮਨ ਅਰੋੜਾ ਨੂੰ ਮਿਲ ਕੇ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕਰ ਚੁੱਕਿਆ ਹੈ। ਉਨ੍ਹਾਂ ਕਿਹਾ, ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਭਾਈਚਾਰੇ ਵੱਲੋਂ ਸਥਾਪਿਤ ਕੀਤੀ ਜਾ ਰਹੀ ਯੂਨੀਵਰਸਿਟੀ ਦਾ ਐਲਾਨ ਸਰਕਾਰ ਨੇ ਕੀਤਾ ਹੈ। ਦੇਸ਼ ਵਿੱਚ ਭਾਵੇਂ 1,200 ਯੂਨੀਵਰਸਿਟੀਆਂ ਕੰਮ ਕਰ ਰਹੀਆਂ ਹਨ, ਪਰ ਇਹ ਯੂਨੀਵਰਸਿਟੀ ਇਸ ਪੱਖੋਂ ਨਿਵੇਕਲੀ ਹੋਵੇਗੀ ਕਿ ਇੱਥੇ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਕੋਈ ਫੀਸ ਨਹੀ

ਰੋਜ਼ਾਨਾ ਚੜ੍ਹਦੀਕਲਾ
ਸਿਹਤ ਖ਼ਬਰਨਾਮਾ

ਫਟਕੜੀ ਚਮੜੀ ਲਈ ਕਿਵੇਂ ਲਾਭਦਾਇਕ

ਫਿਟਕਰੀ ਚਮੜੀ ਲਈ ਬਹੁਤ ਫਾਇਦੇਮੰਦ ਹੈ, ਇਸਦੇ ਐਂਟੀਸੈਪਟਿਕ ਅਤੇ ਐਂਟੀ-ਬੈਕਟੀਰੀਅਲ ਗੁਣਾਂ ਦੇ ਕਾਰਨ। ਛਾਈਆਂ ਨੂੰ ਮਿਟਾਉਣ ਅਤੇ ਦਾਗ-ਧੱਬਿਆਂ ਨੂੰ ਹਟਾਉਣ ਤੋਂ ਇਲਾਵਾ, ਇਹ ਮੁਹਾਸੇ ਘਟਾਉਣ, ਚਮੜੀ ਨੂੰ ਕੱਸਣ ਅਤੇ ਵਾਧੂ ਤੇਲ ਉਤਪਾਦਨ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਇਹ ਚਮੜੀ ਦੀ ਉੱਪਰਲੀ ਪਰਤ ਨੂੰ ਹੌਲੀ-ਹੌਲੀ ਐਕਸਫੋਲੀਏਟ ਕਰਦਾ ਹੈ, ਨਵੇਂ ਸੈੱਲਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਇੱਕ ਸਮਾਨ ਚਮੜੀ ਦਾ ਰੰਗ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਫਿਟਕਰੀ ਅਤੇ ਗੁਲਾਬ ਜਲ : ਇੱਕ ਨਿਰਵਿਘਨ ਪੇਸਟ ਬਣਾਉਣ ਲਈ ਫਿਟਕਰੀ ਪਾਊਡਰ ਨੂੰ ਗੁਲਾਬ ਜਲ ਵਿੱਚ ਮਿਲਾਓ। ਇਸ ਮਿਸ਼ਰਣ ਨੂੰ ਆਪਣੇ ਚਿਹਰੇ 'ਤੇ ਲਗਾਓ, ਹੌਲੀ-ਹੌਲੀ ਮਾਲਿਸ਼ ਕਰੋ, ਅਤੇ ਇਸਨੂੰ ਧੋਣ ਤੋਂ ਪਹਿਲਾਂ 10-15 ਮਿੰਟ ਲਈ ਛੱਡ ਦਿਓ। ਇਹ ਉਪਾਅ ਪਿਗਮੈਂਟੇਸ਼ਨ ਦੇ ਨਿਸ਼ਾਨਾਂ ਨੂੰ ਹਲਕਾ ਕਰਨ ਵਿੱਚ ਮਦਦ ਕਰ ਸਕਦਾ ਹੈ।

ਫਿਟਕਰੀ ਅਤੇ ਮੁਲਤਾਨੀ ਮਿੱਟੀ : ਮੁਲਤਾਨੀ ਮਿੱਟੀ ਅਤੇ ਪਾਣੀ ਨਾਲ ਫਿਟਕਰੀ ਪਾਊਡਰ ਨੂੰ ਮਿਲਾਓ ਅਤੇ ਇੱਕ ਪੇਸਟ ਬਣਾਓ। ਇਸ ਪੇਸਟ ਨੂੰ ਆਪਣੇ ਚਿਹਰੇ 'ਤੇ ਲਗਾਓ ਅਤੇ ਇਸਨੂੰ 15 ਮਿੰਟ ਲਈ ਬੈਠਣ ਦਿਓ। ਹਫ਼ਤੇ ਵਿੱਚ ਇੱਕ ਵਾਰ ਇਸ ਪੇਸਟ ਦੀ ਵਰਤੋਂ ਕਰਨ ਨਾਲ ਦਾਗ-ਧੱਬਿਆਂ ਅਤੇ ਧੱਬਿਆਂ ਦੀ ਦਿੱਖ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

ਫਿਟਕਰੀ ਅਤੇ ਨਾਰੀਅਲ ਤੇਲ ਦਾ ਮਿਸ਼ਰਣ : ਖੁਸ਼ਕ ਚਮੜੀ ਵਾਲੇ ਵਿਅਕਤੀ ਸੌਣ ਤੋਂ ਪਹਿਲਾਂ ਫਿਟਕਰੀ ਅਤੇ ਨਾਰੀਅਲ ਤੇਲ ਦਾ ਮਿਸ਼ਰਣ ਲਗਾ ਸਕਦੇ ਹਨ। ਇਸਨੂੰ 15-20 ਮਿੰਟ ਲਈ ਛੱਡ ਦਿਓ, ਅਤੇ ਫਿਰ ਇਸਨੂੰ ਧੋ ਲਓ। ਇਹ ਉਪਾਅ ਚਮੜੀ ਨੂੰ ਨਮੀ ਦੇਣ ਅਤੇ ਨਰਮ ਕਰਨ ਵਿੱਚ ਮਦਦ ਕਰਦਾ ਹੈ।

ਖਾਲਸਾ ਪੰਥ ਸਾਜਨਾ ਦਿਵਸ ਸਬੰਧੀ ਦੂਸਰਾ ਮਹਾਨ ਕੀਰਤਨ ਦਰਬਾਰ ਕਰਵਾਇਆ

ਮਿਲਾਨ, 13 ਮਈ (ਦਲਜੀਤ ਮੱਕੜ) ਦਸ਼ਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਖਾਲਸਾ ਪੰਥ ਦਾ ਸਾਜਨਾ ਦਿਵਸ ਪੂਰੀ ਦੁਨੀਆਂ ਵਿੱਚ ਰਹਿਣ ਬਸੇਰਾ ਕਰਦੀ ਸਿੱਖ ਸੰਗਤ ਵੱਲੋਂ ਬਹੁਤ ਹੀ ਜੋਸੋ ਖਰੋਸ ਨਾਲ ਮਨਾਇਆ ਜਾ ਰਿਹਾ ਹੈ ਤੇ ਇਟਲੀ ਵਿੱਚ ਵੀ ਖ਼ਾਲਸੇ ਦੇ ਸਾਜਨਾ ਦਿਵਸ ਲੈਕੇ ਸਿੱਖ ਸੰਗਤ ਦਾ ਉਤਸ਼ਾਹ ਕਾਬਲੇ ਤਾਰੀਫ ਹੈ। ਇਟਲੀ ਵਿੱਚ ਇਹਨੀਂ ਦਿਨੀਂ ਖਾਲਸਾ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਜਾ ਰਹੇ ਹਨ।

ਇਸ ਲੜੀ ਤਹਿਤ ਖਾਲਸਾ ਪੰਥ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਯਾਦ ਸ਼ਹੀਦਾਂ ਕਰੇਜੋ ਦੇ ਪ੍ਰਬੰਧਕਾਂ ਵੱਲੋਂ ਸਮੂੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਪੀ ਡੀ ਹਾਲ ਵਿਖੇ ਦੂਸਰਾ ਮਹਾਨ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ।ਸਮਾਗਮ ਦੀ ਆਰੰਭਤਾ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਜੀ ਦੇ ਜਾਪ ਹੋਏ, ਕੀਰਤਨ ਦਰਬਾਰ ਵਿੱਚ ਪ੍ਰਸਿੱਧ ਪੰਥਕ ਸ਼ਖ਼ਸੀਅਤਾਂ ਤੇ ਰਾਗੀ, ਢਾਡੀ,ਕੀਰਤਨੀਏ ਸਿੰਘਾਂ ਅਤੇ ਕਥਾਵਾਚਕਾਂ ਨੇ ਹਾਜ਼ਰੀਆਂ ਭਰਦਿਆਂ ਸਮਾਗਮ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਏ। ਸਿੱਖੀ ਰੰਗ ਵਿਚ ਰੰਗੇ ਇਸ ਕੀਰਤਨ ਦਰਬਾਰ ਸਮਾਗਮ ਵਿੱਚ ਸੰਗਤਾਂ ਨੇ ਇਟਲੀ ਦੇ ਵੱਖ ਵੱਖ ਸ਼ਹਿਰੋਂ ਤੋਂ ਪਹੁੰਚ ਕਰਕੇ ਹਾਜ਼ਰੀਆਂ ਲਗਵਾਉਦੇ ਹੋਏ ਆਪਣਾ ਜੀਵਨ ਸਫਲਾ ਬਣਾਇਆ । ਕੀਰਤਨ ਦਰਬਾਰ ਵਿੱਚ ਭਾਈ ਜਸਵੀਰ ਸਿੰਘ ਬੈਗੋਵਾਲ ਵਾਲਿਆਂ, ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ ਹਜੂਰੀ ਰਾਗੀ ਦਰਬਾਰ ਸਾਹਿਬ, ਢਾਡੀ ਜੱਥਾ ਗਿਆਨੀ ਸਰੂਪ ਸਿੰਘ ਕਡਿਆਣਾ, ਕਥਾਵਾਚਕ ਭਾਈ ਨਿਸ਼ਾਨ ਸਿੰਘ ਆਸਟ੍ਰੇਲੀਆ ਅਤੇ ਭਾਈ ਗੁਰਵਿੰਦਰ ਸਿੰਘ ਆਰੇਸੋ ਵਾਲਿਆ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਿਆਂ।ਇਸ ਮੌਕੇ ਜਿੱਥੇ ਇੱਕ ਪਾਸੇ ਸਟੇਜ ਤੇ ਇਲਾਹੀ ਗੁਰਬਾਣੀ ਦੇ ਕੀਰਤਨ ਚੱਲ ਰਹੇ ਸਨ ਉੱਥੇ ਹੀ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਨੇ ਗਤਕਾ ਕਲ੍ਹਾ ਦੇ ਜੌਹਰ ਵਿਖਾਉਂਦਿਆਂ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਲਗਾਉਂਦਿਆ ਅਸਮਾਨ ਗੂੰਜਣ ਲਾ ਦਿੱਤਾ ।

ਸਮਾਗਮ ਦੇ ਇਸ ਮੌਕੇ ਇਟਲੀ ਦੀਆਂ ਵੱਖ ਵੱਖ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆ ਵੱਲੋਂ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਗਈ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਪ੍ਰਚਾਰਕ ਜੱਥਿਆ,ਸਾਰੀਆਂ ਅਹਿਮ ਸ਼ਖਸ਼ੀਅਤਾਂ ਅਤੇ ਸੇਵਾਦਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ। ਉਹਨਾਂ ਸਾਰੀਆਂ ਸੰਗਤਾਂ ਦਾ ਸਮਾਗਮ ਵਿੱਚ ਸਹਿਯੋਗ ਕਰਨ ਤੇ ਧੰਨਵਾਦ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਮੈਸੀ ਅਰਜਨਟੀਨਾ ਦੀ ਸੰਭਾਵਿਤ ਵਰਲਡ ਕੱਪ ਟੀਮ ਦੀ ਕਰੇਗਾ ਅਗਵਾਈ

ਬਿਊਨਸ ਆਇਰਸ, 13 ਮਈ (ਚ.ਨ.ਸ.) : ਜੂਨੀਅਰਜ਼ ਦਾ ਡਿਫੈਂਡਰ ਲੁਟਾਰੋ ਡੀ ਲੋਲੋ, ਕਾਸਟਰੋ, ਗੋਟਾਫੇ ਦਾ ਸੈਂਟਰ-ਬੈਕ ਜ਼ੈਦ ਰੋਮੇਰੋ ਤੇ ਰਿਵਰ ਪਲੇਟ ਦਾ ਗੋਲਕੀਪਰ ਸੈਂਟੀਆਗੋ ਬੇਲਟ੍ਰਾਨ ਸ਼ਾਮਲ ਹੈ। ਫੀਫਾ ਨੇ ਵਰਲਡ ਕੱਪ ਦੀਆਂ ਆਖਰੀ ਟੀਮਾਂ ਦੇ ਐਲਾਨ ਲਈ 2 ਜੂਨ ਦੀ ਸਮਾਂ ਹੱਦ ਤੈਅ ਕੀਤੀ ਹੈ।ਅਰਜਨਟੀਨਾ ਆਪਣੀ ਵਰਲਡ ਕੱਪ ਮੁਹਿੰਮ ਦੀ ਸ਼ੁਰੂਆਤ 16 ਜੂਨ ਨੂੰ ਅਲਜੀਰੀਆ ਵਿਰੁੱਧ ਕਰੇਗਾ, ਜਿਸ ਤੋਂ ਬਾਅਦ ਗਰੁੱਪ-ਜੇ 'ਚ ਉਸ ਦਾ ਮੁਕਾਬਲਾ ਆਸਟਰੀਆ ਤੇ ਜੌਰਡਨ ਨਾਲ ਵੀ ਹੋਵੇਗਾ।



ਲਿਓਨਿਲ ਮੈਸੀ ਉਨ੍ਹਾਂ 55 ਖਿਡਾਰੀਆਂ 'ਚ ਸ਼ਾਮਲ ਹੈ, ਜਿਨ੍ਹਾਂ ਨੂੰ ਅਮਰੀਕਾ, ਮੈਕਸੀਕੋ ਤੇ ਕੈਨੇਡਾ 'ਚ ਹੋਣ ਵਾਲੇ ਫੀਫਾ ਵਰਲਡ ਕੱਪ ਲਈ ਅਰਜਨਟੀਨਾ ਦੀ ਸ਼ੁਰੂਆਤੀ ਟੀਮ 'ਚ ਚੁਣਿਆ ਗਿਆ ਹੈ। 38 ਸਾਲਾ ਮੈਸੀ ਉਸ ਹਮਲਾਵਰ ਫਾਰਵਰਡ ਲਾਈਨ ਦੀ ਅਗਵਾਈ ਕਰੇਗਾ, ਜਿਸ 'ਚ ਇੰਟਰ ਮਿਲਾਨ ਦਾ ਸਟ੍ਰਾਈਕਰ ਲੁਟਾਰੋ ਮਾਰਟੀਨੇਜ਼, ਐਟਲੇਟਿਕੋ ਮੈਡ੍ਰਿਡ ਦਾ ਫਾਰਵਰਡ ਜੂਲੀਅਨ ਅਲਵਾਰੇਜ਼ ਤੇ ਬੋਲੋਗਨਾ ਦਾ ਸੈਂਟੀਆਗੋ ਕਾਸਟਰੋ ਵੀ ਸ਼ਾਮਲ ਹਨ।ਇਸ ਸੂਚੀ 'ਚ ਕਈ ਅਜਿਹੇ ਖਿਡਾਰੀ ਵੀ ਸ਼ਾਮਲ ਹਨ ਜਿਨ੍ਹਾਂ ਨੇ ਅਜੇ ਤੱਕ ਕੌਈ ਕੌਮਾਂਤਰੀ ਮੈਚ ਨਹੀਂ ਖੇਡਿਆ ਹੈ। ਇਨ੍ਹਾਂ 'ਚ ਬੋਕਾ

ਜਰਮਨ ਮਾਡਲ ਦਾ ਸਨਸਨੀਖੇਜ਼ ਖੁਲਾਸਾ
ਕੋਹਲੀ ਨੂੰ ਬਦਨਾਮ ਕਰਨ ਲਈ ਮੈਨੂੰ ਪੈਸਿਆਂ ਦੀ ਪੇਸ਼ਕਸ਼ ਹੋਈ ਸੀ

ਬਰਲਿਨ, 13 ਮਈ (ਚ.ਨ.ਸ.) : ਦੁਨੀਆ ਦੇ ਸਟਾਰ ਕ੍ਰਿਕਟਰ ਵਿਰਾਟ ਕੋਹਲੀ ਨੂੰ ਲੈ ਕੇ ਇੱਕ ਬੇਹੱਦ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਜਰਮਨੀ ਦੀ ਮਸ਼ਹੂਰ ਮਾਡਲ ਲਿਜ਼ਲਾਜ਼ ਨੇ ਇੱਕ ਇੰਟਰਵਿਊ ਵਿੱਚ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੂੰ ਵਿਰਾਟ ਕੋਹਲੀ ਦੇ ਖ਼ਿਲਾਫ਼ ਬੋਲਣ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਭਾਰੀ ਰਕਮ ਦੀ ਪੇਸ਼ਕਸ਼ ਕੀਤੀ ਗਈ ਸੀ। ਲਿਜ਼ਲਾਜ਼ ਨੇ ਦੱਸਿਆ ਕਿ ਇਹ ਸਭ ਉਦੋਂ ਸ਼ੁਰੂ ਹੋਇਆ ਜਦੋਂ ਇਸ ਸਾਲ ਦੀ ਸ਼ੁਰੂਆਤ ਵਿੱਚ ਵਿਰਾਟ ਕੋਹਲੀ ਨੇ ਉਨ੍ਹਾਂ ਦੀ ਇੱਕ ਇੰਸਟਾਗ੍ਰਾਮ ਪੋਸਟ ਨੂੰ ਲਾਈਕ ਕੀਤਾ ਸੀ।ਲਿਜ਼ਲਾਜ਼ ਨੇ ਫਿਲਮੀਮੰਤਰਾ ਨੂੰ ਦਿੱਤੇ ਇੰਟਰਵਿਊ ਵਿੱਚ ਦੱਸਿਆ ਕਿ ਜਦੋਂ ਵਿਰਾਟ ਨੇ ਉਨ੍ਹਾਂ ਦੀ ਫੋਟੋ ਲਾਈਕ ਕੀਤੀ, ਤਾਂ ਉਹ ਰਾਤੋ-ਰਾਤ ਚਰਚਾ ਦਾ ਵਿਸ਼ਾ ਬਣ ਗਈ ਸੀ। ਇਸ ਘਟਨਾ ਤੋਂ ਬਾਅਦ, ਭਾਰਤ ਦੇ ਕਈ ਮੀਡੀਆ ਆਊਟਲੈੱਟਸ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਮਾਡਲ ਅਨੁਸਾਰ, ਉਸਨੂੰ ਵਿਰਾਟ ਕੋਹਲੀ ਦੇ ਖ਼ਿਲਾਫ਼ ਨਕਾਰਾਤਮਕ ਗੱਲਾਂ ਕਹਿਣ ਅਤੇ ਨੈਗੇਟਿਵ ਪਬਲਿਸਿਟੀ ਕਰਨ ਲਈ ਪੈਸਿਆਂ ਦਾ ਲਾਲਚ ਦਿੱਤਾ ਗਿਆ ਸੀ।ਹਾਲਾਂਕਿ, ਜਰਮਨ ਮਾਡਲ ਨੇ ਇਹਨਾਂ ਸਾਰੀਆਂ ਪੇਸ਼ਕਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਲਿਜ਼ਲਾਜ਼ ਨੇ ਕਿਹਾ, ਵਿਰਾਟ ਕੋਹਲੀ ਮੇਰੇ ਪਸੰਦੀਦਾ ਕ੍ਰਿਕਟਰ ਹਨ ਅਤੇ ਮੈਂ ਕਦੇ ਵੀ ਉਨ੍ਹਾਂ ਦੇ ਖ਼ਿਲਾਫ਼ ਨਹੀਂ ਬੋਲ ਸਕਦੀ÷। ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਵਿਰਾਟ ਨੇ ਉਨ੍ਹਾਂ ਦੀ ਇੰਸਟਾਗ੍ਰਾਮ ਰੀਲ ਲਾਈਕ ਕੀਤੀ ਸੀ, ਤਾਂ ਉਹ ਕਾਫ਼ੀ ਭਾਵੁਕ ਅਤੇ ਹੈਰਾਨ ਹੋ ਗਈ ਸੀ।



ਰਾਸ਼ਟਰਪਤੀ ਨੇ ਫਖਰੂਦੀਨ ਅਲੀ ਅਹਿਮਦ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ

ਨਵੀਂ ਦਿੱਲੀ, 13 ਮਈ (ਅੰਮ੍ਰਿਤਪਾਲ ਸਿੰਘ) :ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਸਾਬਕਾ ਰਾਸ਼ਟਰਪਤੀ, ਸ਼੍ਰੀ ਫਖਰੂਦੀਨ ਅਲੀ ਅਹਿਮਦ ਨੂੰ ਉਨ੍ਹਾਂ ਦੀ ਜਯੰਤੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਪਹਿਲਵਾਨਾਂ ਦੇ ਵਿਰੋਧ ਪ੍ਰਦਰਸ਼ਨ ਕਾਰਨ ਮੇਰਾ ਕਰੀਅਰ ਪ੍ਰਭਾਵਿਤ ਹੋਇਆ : ਦੀਪਕ ਪੂਨੀਆ

ਗੋਂਡਾ, 13 ਮਈ (ਚ.ਨ.ਸ.) : ਏਸ਼ੀਆਈ ਖੇਡਾਂ ਦੇ ਚਾਂਦੀ ਤਮਗਾ ਜੇਤੂ ਦੀਪਕ ਪੂਨੀਆ ਦਾ ਮੰਨਣਾ ਹੈ ਕਿ ਜੰਤਰ-ਮੰਤਰ 'ਤੇ ਪਹਿਲਵਾਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਜਿਹੜਾ ਅੜਿੱਕਾ ਪੈਦਾ ਹੋਇਆ, ਉਸ ਨਾਲ ਭਾਰਤ ਦੇ ਕਈ ਖਿਡਾਰੀਆਂ ਦਾ ਕਰੀਅਰ ਪ੍ਰਭਾਵਿਤ ਹੋਇਆ ਜਿਸ 'ਚ ਉਹ ਖੁਦ ਵੀ ਸ਼ਾਮਲ ਹੈ। ਦੀਪਕ ਇਕ ਸਮੇਂ 86 ਕਿਲੋਗ੍ਰਾਮ ਵਰਗ 'ਚ ਭਾਰਤ ਵੱਲੋਂ ਲਗਾਤਾਰ ਚੰਗਾ ਪ੍ਰਦਰਸ਼ਨ ਕਰਨ ਵਾਲਾ ਪਹਿਲਵਾਨ ਸੀ। ਉਹ ਟੋਕਿਓ ਓਲੰਪਿਕ 'ਚ ਕਾਂਸੀ ਤਮਗੇ ਤੋਂ ਖੁੰਝਣ ਤੋਂ ਬਾਅਦ ਆਪਣੀ ਪੁਰਾਣੀ ਲੈਅ ਹਾਸਲ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਤਦ ਤੋਂ ਉਸ ਦਾ ਇਕਲੌਤਾ ਚੰਗਾ ਪ੍ਰਦਰਸ਼ਨ ਏਸ਼ੀਆਈ ਖੇਡਾਂ 2023 'ਚ ਰਿਹਾ, ਜਿੱਥੇ ਉਸ ਨੇ ਚਾਂਦੀ ਤਮਗਾ ਜਿੱਤਿਆ ਸੀ।ਇਸ 26 ਸਾਲਾ ਖਿਡਾਰੀ ਨੇ ਸੋਮਵਾਰ ਨੂੰ ਇੱਥੇ ਰਾਸ਼ਟਰੀ ਓਪਨ ਰੈਂਕਿੰਗ ਟੂਰਨਾਮੈਂਟ ਜਿੱਤਿਆ ਸੀ ਪਰ ਉਹ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂ. ਐੱਫ. ਆਈ.) ਦੀ ਮੌਜੂਦਾ ਨੀਤੀ ਦੇ ਅਨੁਸਾਰ ਏਸ਼ੀਆਈ ਖੇਡਾਂ ਲਈ 31 ਮਈ ਨੂੰ ਹੋਣ ਵਾਲੇ ਚੋਣ ਟਰਾਇਲ 'ਚ ਹਿੱਸਾ ਲੈਣ ਦੀ ਯੋਗਤਾ ਨਹੀਂ ਰੱਖਦਾ ਹੈ। ਇਸ ਨੀਤੀ 'ਚ ਇੱਥੇ ਚੱਲ ਰਹੇ ਟੂਰਨਾਮੈਂਟ ਦੇ ਨਤੀਜਿਆਂ 'ਤੇ ਗੌਰ ਨਹੀਂ ਕੀਤਾ ਜਾਵੇਗਾ। ਦੀਪਕ ਨੇ ਕਿਹਾ ਕਿ ਪਹਿਲਵਾਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਭਾਰਤੀ ਕੁਸ਼ਤੀ 'ਚ ਅਨਿਸ਼ਚਿਤਤਾ ਦੇ ਲੰਬੇ ਦੌਰ ਨੇ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ ਦੀਆਂ ਪ੍ਰਤੀਯੋਗਿਤਾਵਾਂ 'ਚ ਖੇਡਣ ਦਾ ਮੌਕਾ ਨਹੀਂ ਮਿਲਿਆ ਜਿਸ ਨਾਲ ਉਸ ਨੂੰ ਕਾਫੀ ਨੁਕਸਾਨ ਹੋਇਆ।ਦੀਪਕ ਨੇ ਕਿਹਾ, "ਵਿਰੋਧ ਪ੍ਰਦਰਸ਼ਨ ਤੇ ਹੋਰ ਘਟਨਾਵਾਂ ਦੇ ਕਾਰਨ 2023 ਤੋਂ ਬਾਅਦ ਕਈ ਟੂਰਨਾਮੈਂਟ ਰੱਦ ਕਰ ਦਿੱਤੇ ਗਏ ਸਨ ਤੇ ਸਾਨੂੰ ਪਹਿਲਾਂ ਦੀ ਤਰ੍ਹਾਂ ਵਿਦੇਸ਼ 'ਚ ਹੋਣ ਵਾਲੀਆਂ ਪ੍ਰਤੀਯੋਗਿਤਾਵਾਂ 'ਚ ਹਿੱਸਾ ਲੈਣ ਦੇ ਮੌਕੇ ਵੀ ਨਹੀਂ ਮਿਲੇ।"ਉਸ ਨੇ ਕਿਹਾ, "ਜਦੋਂ ਤੁਸੀਂ ਹਰ ਦੂਜੇ ਜਾਂ ਤੀਜੇ ਮਹੀਨੇ ਕੌਮਾਂਤਰੀ ਪੱਧਰ 'ਤੇ ਕਿਸੇ ਪ੍ਰਤੀਯੋਗਿਤਾ 'ਚ ਹਿੱਸਾ ਲੈਂਦੇ ਹੋ ਤਾਂ ਤੁਹਾਨੂੰ ਆਪਣੀ ਕਮਜ਼ੋਰੀ ਦਾ ਪਤਾ ਚੱਲਦਾ ਹੈ ਤੇ ਤੁਸੀਂ ਉਸ 'ਚ ਸੁਧਾਰ ਕਰਦੇ ਹੋ ਪਰ ਜੇਕਰ ਤੁਹਾਨੂੰ ਸਾਲ 'ਚ ਸਿਰਫ ਇਕ ਵਿਸ਼ਵ ਚੈਂਪੀਅਨਸ਼ਿਪ ਜਾਂ ਸਿਰਫ ਇਕ ਏਸ਼ੀਆਈ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਦਾ ਮੌਕਾ ਮਿਲਦਾ ਹੈ ਤਾਂ ਪ੍ਰਦਰਸ਼ਨ 'ਚ ਬਹੁਤ ਵੱਡਾ ਫਰਕ ਆ ਜਾਂਦਾ ਹੈ।



ਅਮਰੀਕਾ 'ਚ ਪੈਟਰੋਲ ਤੋਂ ਫੈਡਰਲ ਟੈਕਸ ਤੱਕ ਦਾ ਵਿਰੋਧ

ਵਾਸ਼ਿੰਗਟਨ, 13 ਮਈ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਹ ਇਰਾਨ ਨਾਲ ਜੰਗ ਕਾਰਨ ਵਧੀਆਂ ਤੇਲ ਕੀਮਤਾਂ ਤੋਂ ਅਮਰੀਕੀਆਂ ਨੂੰ ਰਾਹਤ ਦੇਣ ਲਈ ਪੈਟਰੋਲ 'ਤੇ ਲੱਗਣ ਵਾਲਾ ਸੰਘੀ ਟੈਕਸ ਹਟਾਉਣ ਦੀ ਤਿਆਰੀ ਕਰ ਰਹੇ ਹਨ; ਹਾਲਾਂਕਿ ਰਾਸ਼ਟਰਪਤੀ ਇਹ ਫ਼ੈਸਲਾ ਆਪਣੇ ਤੌਰ 'ਤੇ ਲਾਗੂ ਨਹੀਂ ਕਰ ਸਕਦੇ। ਇਸ ਲਈ ਮੁਲਕ ਦੀ ਸੰਸਦ (ਕਾਂਗਰਸ) ਦੀ ਮਨਜ਼ੂਰੀ ਲਾਜ਼ਮੀ ਹੋਵੇਗੀ।ਦੋਵਾਂ ਪਾਰਟੀਆਂ ਦੇ ਆਗੂ ਰੋਜ਼ਮੱਰਾ ਦੇ ਕੰਮਾਂ ਲਈ ਵਾਹਨਾਂ 'ਤੇ ਨਿਰਭਰ ਆਮ ਲੋਕਾਂ ਅਤੇ ਕਾਰੋਬਾਰੀਆਂ ਨੂੰ ਰਾਹਤ ਦਿਵਾਉਣ ਲਈ ਟੈਕਸ ਹਟਾਉਣ ਦੀ ਮੰਗ ਕਰ ਰਹੇ ਹਨ। ਏ ਏ ਏ ਮੋਟਰ ਕਲੱਬ ਅਨੁਸਾਰ ਸੋਮਵਾਰ ਨੂੰ ਪੈਟਰੋਲ ਦੀ ਔਸਤ ਕੀਮਤ 4.52 ਡਾਲਰ ਪ੍ਰਤੀ ਗੈਲਨ ਸੀ, ਜੋ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੀ ਕੀਮਤ (3 ਡਾਲਰ) ਨਾਲੋਂ ਤਕਰੀਬਨ ਪੰਜਾਹ ਫ਼ੀਸਦੀ ਵੱਧ ਹੈ। ਇਸ ਵੇਲੇ ਪੈਟਰੋਲ 'ਤੇ 18.4 ਸੈਂਟ ਅਤੇ ਡੀਜ਼ਲ 'ਤੇ 24.4 ਸੈਂਟ ਪ੍ਰਤੀ ਗੈਲਨ ਸੰਘੀ ਟੈਕਸ ਲੱਗਦਾ ਹੈ।ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਹਾਲਾਤ ਠੀਕ ਹੋਣ ਤੱਕ ਟੈਕਸ ਹਟਿਆ ਰਹੇਗਾ। ਉਨ੍ਹਾਂ ਕਿਹਾ ਕਿ ਭਾਵੇਂ ਇਹ ਟੈਕਸ ਛੋਟ ਛੋਟੀ ਜਾਪਦੀ ਹੈ, ਪਰ ਮਹਿੰਗਾਈ ਦੀ ਮਾਰ ਝੱਲ ਰਹੇ ਪਰਿਵਾਰਾਂ ਅਤੇ ਕਾਰੋਬਾਰੀਆਂ ਲਈ ਇਹ ਮਦਦਗਾਰ ਸਾਬਤ ਹੋਵੇਗੀ।ਹਾਲਾਤ ਨਾਲ ਨ

ਬਲਵਿੰਦਰ ਸਿੰਘ ਪਟਵਾਰੀ ਦੀ ਅਗਵਾਈ ਹੇਠ ਵੱਖ-ਵੱਖ ਦਲਾਂ ਦੇ ਆਗੂ ਭਾਜਪਾ 'ਚ ਸ਼ਾਮਲ

ਬੁਢਲਾਡਾ, 13 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ):ਬੁਢਲਾਡਾ ਵਿਧਾਨ ਸਭਾ ਖੇਤਰ ਦੇ ਪ੍ਰਮੁੱਖ ਅਕਾਲੀ ਆਗੂ ਬਲਵਿੰਦਰ ਸਿੰਘ ਪਟਵਾਰੀ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਪੰਚ, ਸਰਪੰਚ, ਸਾਬਕਾ ਸਰਪੰਚ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ), ਕਾਂਗਰਸ, ਆਮ ਆਦਮੀ ਪਾਰਟੀ ਅਤੇ ਸੀ. ਪੀ. ਆਈ. ਨਾਲ ਜੁੜੇ ਆਗੂਆਂ ਨੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਕੇਂਦਰੀਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਮੌਜੂਦਗੀ 'ਚ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ।ਇਸ ਮੌਕੇ ਭਾਜਪਾ ਦੇ ਸੂਬਾ ਮੀਡੀਆ ਮੁਖੀ ਵਿਨੀਤ ਜੋਸ਼ੀ, ਜ਼ਿਲ੍ਹਾ ਪ੍ਰਧਾਨ ਮਾਨਸਾ ਗੌਮਾ ਰਾਮ ਪੂਨੀਆ, ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਅਤੇ ਜ਼ਿਲ੍ਹਾ ਜਨਰਲ ਸਕੱਤਰ ਗਗਨਦੀਪ ਸ਼ਰਮਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਭਾਜਪਾ 'ਚ ਸ਼ਾਮਲ ਹੋਣ ਵਾਲਿਆਂ 'ਚ ਸਹਿਕਾਰੀ ਸਭਾ ਦੇ ਮੈਂਬਰ ਗੁਰਦੀਪ ਸਿੰਘ, ਪੰਚਾਇਤ ਮੈਂਬਰ ਰਾਜਵਿੰਦਰ ਸਿੰਘ, ਸਰਪੰਚ ਗੁਲਾਬ ਸਿੰਘ, ਕਾਂਗਰਸ ਦੇ ਸਾਬਕਾ ਜ਼ਿਲ੍ਹਾ ਉਪ-ਪ੍ਰਧਾਨ ਬਲਵਿੰਦਰ ਸਿੰਘ, ਸਹਿਕਾਰੀ ਸਭਾ ਦੇ ਸਾਬਕਾ ਪ੍ਰਧਾਨ ਬਘੇਰਾ ਸਿੰਘ, ਸਾਬਕਾ ਸਰਪੰਚ ਸੁਖਦੇਵ ਸਿੰਘ, ਸਾਬਕਾ ਪੰਚਾਇਤ ਮੈਂਬਰ ਤਰਸੇਮ ਸਿੰਘ, ਜ਼ਿਲ੍ਹਾ ਸਾਬਕਾ ਸਰਪੰਚ ਬਲਵਿੰਦਰ ਸਿੰਘ, ਅਜੈਬ ਸਿੰਘ, ਕਸ਼ਮੀਰ ਸਿੰਘ, ਦਰਸ਼ਨ ਸਿੰਘ,ਕੁਲਵੰਤ ਸਿੰਘ, ਜੀਤ ਸਿੰਘ, ਮੌਜੂਦਾ ਪੰਚਾਇਤ ਮੈਂਬਰ ਨਿਰਮਲ ਸਿੰਘ, ਐਡਵੋਕੇਟ ਸੁਖਵਿੰਦਰ ਸਿੰਘ, ਐਡਵੋਕੇਟ ਮੋਤੀ ਸਿੰਘ ਅਤੇ ਪਿੰਡ ਬੀਰੋਕੇ ਕਲਾਂ ਦੇ ਸਮੂਹ ਪੰਚਾਇਤ ਮੈਂਬਰਾਂ ਸਮੇਤ ਵੱਡੀ ਗਿਣਤੀ 'ਚ ਵਰਕਰਾਂ ਨੇ ਭਾਜਪਾ ਦਾ ਪੱਲਾ ਫੜਿਆ।

ਸਫ਼ਾਈ ਕਰਮਚਾਰੀਆਂ ਨੇ ਕੀਤਾ ਭਾਰੀ ਰੋਸ ਪ੍ਰਦਰਸ਼ਨ

ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜੀ , ਸਰਕਾਰ ਨੂੰ ਪਾਣੀ ਪੀ-ਪੀ ਕੋਸਿਆ

ਖਨੌਰੀ, 13 ਮਈ (ਓਮਪ੍ਰਕਾਸ਼ ਮੁਆਲ): ਨਗਰ ਪੰਚਾਇਤ ਖਨੌਰੀ ਦੇ ਸਮੂਹ ਸਫਾਈ ਸੇਵਕ ਕਰਮਚਾਰੀਆਂ ਅਤੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਖਨੌਰੀ ਦੇ ਕੈਥਲ ਰੋਡ ਪੁਲ ਹੇਠਾਂ ਅੱਜ ਪੰਜਾਬ ਸਰਕਾਰ ਖਿਲਾਫ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਜਾਰੀ 10 ਸਾਲਾਂ ਪਾਲਿਸੀ ਦੀਆਂ ਕਾਪੀਆਂ ਸਾੜੀਆਂ ਗਈਆਂ ਅਤੇ ਇਸ ਮੌਕੇ ਸਫਾਈ ਕਰਮਚਾਰੀ ਵੱਲੋਂ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਭਾਰੀ ਨਾਹਰੇਬਾਜੀ ਕਰਦਿਆਂ ਪਿੱਟ ਸਿਆਪਾ ਵੀ ਕੀਤਾ ਗਿਆ। ਪੰਜਾਬ ਮਿਉਂਸਿਪਲ ਐਕਸ਼ਨ ਕਮੇਟੀ ਦੇ ਸੱਦੇ 'ਤੇ ਪੰਜਾਬ ਭਰ ਵਿੱਚ ਸਫਾਈ ਸੇਵਕ ਕਰਮਚਾਰੀਆਂ ਵੱਲੋਂ ਆਪਣੀ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਭਰ ਵਿੱਚ 6 ਮਈ ਤੋਂ ਕੰਮ ਛੋੜ ਹੜਤਾਲ ਸ਼ੁਰੂ ਕੀਤੀ ਗਈ ਹੈ ਤੇ ਇਸੇ ਤਹਿਤ ਨਗਰ ਪੰਚਾਇਤ ਨੌਰੀ ਵੱਲੋਂ ਵੀ ਲਗਾਤਾਰ ਕੰਮ ਛੋੜ ਹੜਤਾਲ ਜਾਰੀ ਹੈ ਅਤੇ ਇਸ ਹੜਤਾਲ ਵਿੱਚ ਉਹਨਾਂ ਦਾ ਨਗਰ ਪੰਚਾਇਤ ਖਨੌਰੀ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਵੀ ਸਮਰਥਨ ਕੀਤਾ ਗਿਆ ਹੈ। ਅੱਜ ਸਫਾਈ ਕਰਮਚਾਰੀ ਖਨੌਰੀ ਦੇ ਪ੍ਰਧਾਨ ਰੋਬਿਨ ਕੁਮਾਰ ਅਤੇ ਆਊਟਸੋਰਸ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਰੋਬਿਨ ਸੁੰਦਰ ਦੀ ਅਗਵਾਈ ਵਿੱਚ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ। ਇਸ ਰੋਸ ਮਾਰਚ ਵਿੱਚ ਉਚੇਚੇ ਤੌਰ 'ਤੇ ਪੰਜਾਬ ਮਿਉਂਸਿਪਲ ਐਕਸ਼ਨ ਕਮੇਟੀ ਦੇ ਸਰਪ੍ਰਸਤ ਬਲਵਾਨ, ਸਫਾਈ ਯੂਨੀਅਨ ਦੇ ਉਪ ਪ੍ਰਧਾਨ ਸੁਭਾਸ਼ ਸਮੇਤ ਪਾਤੜਾਂ ਸਫਾਈ ਯੂਨੀਅਨ ਦੇ ਕਾਲਾ, ਮੇਜਰ, ਬਬਲੀ, ਨੀਰਜ, ਕਿਰਪਾਲ, ਗਗਨ, ਮੀਤ, ਵਿਕਰਮ, ਇੰਦਰਜੀਤ ਆਦਿ ਸ਼ਾਮਿਲ ਹੋਏ। ਇਹ ਰੋਸ ਮਾਰਚ ਸ਼ਹਿਰ ਦੇ ਮੇਨ ਬਾਜ਼ਾਰ ਵਿੱਚੋਂ ਦੀ ਹੁੰਦਾ ਹੋਇਆ, ਕੈਥਲ ਰੋਡ ਪੁਲ ਹੇਠਾਂ ਪਹੁੰਚਿਆ ਜਿੱਥੇ ਸਮੂਹ ਸਫਾਈ ਕਰਮਚਾਰੀਆਂ ਅਤੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਭਾਰੇ ਨਾਹਰੇਬਾਜੀ ਕੀਤੀ ਗਈ। ਇਸ ਰੋਸ ਮੁਜ਼ਾਹਰੇ ਦੌਰਾਨ ਸਫਾਈ ਕਰਮਚਾਰੀ ਯੂਨੀਅਨ ਦੇ ਸਰਪ੍ਰਸਤ ਬਲਵਾਨ ਉਹ ਪ੍ਰਧਾਨ ਸੁਭਾਸ਼ ਸਫਾਈ ਯੂਨੀਅਨ ਖਨੌਰੀ ਦੇ ਪ੍ਰਧਾਨ ਰੋਵਨ ਕੁਮਾਰ ਆਊਟਸੋਰਸ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਸੁੰਦਰ ਵੱਲੋਂ ਸੰਬੋਧਨ ਕੀਤਾ ਗਿਆ ਅਤੇ ਕਿਹਾ ਗਿਆ ਕਿ ਜਦੋਂ ਤੱਕ ਉਹਨਾਂ ਦੀਆਂ ਅਹਿਮ ਮੰਗਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਪੈਨਸ਼ਨਾਂ ਬਹਾਲ ਕਰਨੀਆਂ ਸਮੇਤ ਹੋਰ ਵੀ ਜੋ ਜਾਇਜ਼ ਮੰਗਾਂ ਹਨ ਨੂੰ ਪੰਜਾਬ ਸਰਕਾਰ ਵੱਲੋਂ ਪੂਰਾ ਨਹੀਂ ਕੀਤਾ ਜਾਂਦਾ ਉਦੋਂ ਤੱਕ ਸਾਡੀ ਕੰਮ ਛੋੜ ਹੜਤਾਲ ਇਸੇ ਪ੍ਰਕਾਰ ਹੀ ਜਾਰੀ ਰਹੇਗੀ। ਇਸ ਰੋਸ ਪ੍ਰਦਰਸ਼ਨ ਦੌਰਾਨ ਜਿੱਥੇ ਸਫਾਈ ਕਰਮਚਾਰੀਆਂ ਵੱਲੋਂ ਭਾਰੀ ਨਾਅਰੇਬਾਜ਼ੀ ਕਰਦਿਆਂ ਪਿੱਟ ਸਿਆਪਾ ਕੀਤਾ ਗਿਆ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਜਾਰੀ 10 ਸਾਲਾਂ ਪਾਲਿਸੀ ਦੀਆਂ ਸਮੂਹ ਸਫਾਈ ਕਰਮਚਾਰੀਆਂ ਅਤੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਕਾਪੀਆਂ ਵੀ ਸਾੜੀਆਂ ਗਈਆਂ। ਇਸ ਮੌਕੇ ਆਟਸੋਰਸ ਦੇ ਆਟਸੋਰਸ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸੁੰਦਰ ਗੁਰਪ੍ਰੀਤ ਸਿੰਘ ਪਰਮਜੀਤ ਸਿੰਘ ਬਲਜਿੰਦਰ ਸਿੰਘ ਸਰਬਜੀਤ ਸਿੰਘ ਜਸਵਿੰਦਰ ਸਿੰਘ ਵਨੀਤ ਸ਼ਰਮਾ ਪੂਜਾ ਚਾਵਲਾ ਗੀਤੂ ਮਨਜੀਤ ਕੌਰ ਸਰਲਾ ਦੇਵੀ ਸਮੇਤ ਰਾਜਕੁਮਾਰ, ਸੰਜੀਵ ਕੁਮਾਰ, ਕਸ਼ਮੀਰਾ, ਮਾਂਗਾ ਕੁਮਾਰ, ਵਿੱਕੀ, ਸੁਖਚੈਨ ਸਿੰਘ, ਰਾਜੇਸ਼, ਸ਼ੁਭਾਸ਼, ਰਾਮਮੇਹਰ, ਦੇਵੀ ਸਮੇਤ ਰਾਜਕੁਮਾਰ, ਸੰਜੀਵ ਕੁਮਾਰ, ਕਸ਼ਮੀਰਾ, ਮਾਂਗਾ ਕੁਮਾਰ, ਵਿੱਕੀ, ਸੁਖਚੈਨ ਸਿੰਘ, ਰਾਜੇਸ਼, ਸ਼ੁਭਾਸ਼ ਮੌਜੂਦ ਸਨ।

ਸਿਹਤ ਟੀਮਾਂ ਨੇ ਦੁੱਧ ਤੇ ਪਨੀਰ ਦੇ ਸੈਂਪਲ ਭਰੇ

ਡੇਅਰੀ ਮਾਲਕਾਂ ਨੂੰ ਕੀਤੀਆਂ ਹਦਾਇਤਾਂ

ਬਠਿੰਡਾ, 13 ਮਈ (ਦੀਪਕ ਸ਼ਰਮਾ) : ਲੋਕਾਂ ਨੂੰ ਸ਼ੁੱਧ ਖਾਣ-ਪੀਣ ਵਾਲੀਆਂ ਵਸਤੂਆਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਬਠਿੰਡਾ ਦੇ ਸਿਹਤ ਵਿਭਾਗ ਨੇ ਮਿਲਾਵਟਖੋਰਾਂ ਵਿਰੁੱਧ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਮੰਗਲਵਾਰ ਨੂੰ ਤੜਕਸਾਰ ਫੂਡ ਸੇਫਟੀ ਵਿਭਾਗ ਦੀ ਟੀਮ ਨੇ ਬਠਿੰਡਾ-ਮਾਨਸਾ ਜੀ.ਟੀ. ਰੋਡ 'ਤੇ ਵਿਸ਼ੇਸ਼ ਨਾਕਾਬੰਦੀ ਕਰਕੇ ਦੁੱਧ, ਪਨੀਰ ਅਤੇ ਹੋਰ ਡੇਅਰੀ ਉਤਪਾਦਾਂ ਦੀ ਚੈਕਿੰਗ ਕੀਤੀ। ਸਹਾਇਕ ਫੂਡ ਕਮਿਸ਼ਨਰ ਅੰਮ੍ਰਿਤਪਾਲ ਸੋਢੀ ਦੀ ਅਗਵਾਈ ਹੇਠ ਚਲਾਈ ਗਈ ਇਸ ਮੁਹਿੰਮ ਦੌਰਾਨ ਵੱਖ-ਵੱਖ ਵਾਹਨਾਂ ਵਿੱਚੋਂ ਦੁੱਧ ਅਤੇ ਪਨੀਰ ਦੇ ਕੁੱਲ 16 ਸੈਂਪਲ ਲਏ ਗਏ, ਜਿਨ੍ਹਾਂ ਨੂੰ ਜਾਂਚ ਲਈ ਸਰਕਾਰੀ ਲੈਬਾਰਟਰੀ ਭੇਜ ਦਿੱਤਾ ਗਿਆ ਹੈ।ਇਸ ਕਾਰਵਾਈ ਦੌਰਾਨ ਫੂਡ ਸੇਫਟੀ ਅਫ਼ਸਰ ਦਿਵਿਆ ਗੋਸਵਾਮੀ, ਨਵਦੀਪ ਸਿੰਘ ਅਤੇ ਸੁਧੀਰ ਸਿੰਗਲਾ ਦੀਆਂ ਟੀਮਾਂ ਨੇ ਬਠਿੰਡਾ ਸ਼ਹਿਰ ਸਮੇਤ ਮੌੜ ਮੰਡੀ, ਤਲਵੰਡੀ ਸਾਬੋ ਅਤੇ ਗੋਨਿਆਣਾ ਬਲਾਕਾਂ ਵਿੱਚ ਪੂਰੀ ਸਰਗਰਮੀ ਦਿਖਾਈ। ਅਧਿਕਾਰੀਆਂ ਨੇ ਦੱਸਿਆ ਕਿ ਅਕਸਰ ਗਰਮੀਆਂ ਵਿੱਚ ਦੁੱਧ ਅਤੇ ਪਨੀਰ ਦੀ ਮੰਗ ਵਧਣ ਕਾਰਨ ਮਿਲਾਵਟ ਦੀਆਂ ਸ਼ਿਕਾਇਤਾਂ ਆਉਣ ਲੱਗਦੀਆਂ ਹਨ, ਜਿਸ ਨੂੰ ਰੋਕਣ ਲਈ ਇਹ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ।

ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਹਰੇੜੀ ਪਿੰਡ ਦੇ ਵਿਕਾਸ ਸਬੰਧੀ ਕੀਤੀ ਅਹਿਮ ਮੀਟਿੰਗ

ਸੰਗਰੂਰ, 13 ਮਈ (ਹਰਕੰਵਲ ਸਿੰਘ ਹੈਪੀ): ਪੰਜਾਬ ਸਰਕਾਰ ਵੱਲੋਂ ਸੂਬੇ ਦੇ ਪਿੰਡਾਂ ਦੀ ਨੁਹਾਰ ਬਦਲਣ ਅਤੇ ਬੁਨਿਆਦੀ ਸਹੂਲਤਾਂ ਪਹੁੰਚਾਉਣ ਦੀ ਲੜੀ ਤਹਿਤ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਅੱਜ ਵਿਸ਼ੇਸ਼ ਤੌਰ 'ਤੇ ਪਿੰਡ ਹਰੇੜੀ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਪਿੰਡ ਦੇ ਸਰਪੰਚ ਸੁਖਦੇਵ ਸਿੰਘ ਅਤੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਪਿੰਡ ਵਾਸੀਆਂ ਨਾਲ ਪਿੰਡ ਦੇ ਸਰਵਪੱਖੀ ਵਿਕਾਸ ਬਾਰੇ ਵਿਸਤਾਰ ਨਾਲ ਚਰਚਾ ਕੀਤੀ। ਮੀਟਿੰਗ ਦੌਰਾਨ ਪਿੰਡ ਵਾਸੀਆਂ ਨੇ ਚੇਅਰਮੈਨ ਜਵੰਧਾ ਨੂੰ ਪਿੰਡ ਦੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਜਾਣੂੰ ਕਰਵਾਇਆ। ਸਰਪੰਚ ਸੁਖਦੇਵ ਸਿੰਘ ਨੇ ਪਿੰਡ ਵਿੱਚ ਚੱਲ ਰਹੇ ਮੌਜੂਦਾ ਵਿਕਾਸ ਕਾਰਜਾਂ ਦੀ ਰਿਪੋਰਟ ਪੇਸ਼ ਕੀਤੀ ਅਤੇ ਆਉਣ ਵਾਲੇ ਸਮੇਂ ਲਈ ਲੋੜੀਂਦੇ ਫੰਡਾਂ ਅਤੇ ਪ੍ਰੋਜੈਕਟਾਂ ਬਾਰੇ ਚਰਚਾ ਕੀਤੀ।ਪਿੰਡ ਵਾਸੀਆਂ ਦੇ ਵਿਚਾਰ ਸੁਣਨ ਤੋਂ ਬਾਅਦ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿੰਡ ਹਰੇੜੀ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਜੋ ਵੀ ਜਾਇਜ਼ ਮੰਗਾਂ ਪਿੰਡ ਵਾਸੀਆਂ ਵੱਲੋਂ ਰੱਖੀਆਂ ਗਈਆਂ ਹਨ, ਸਰਪੰਚ ਸੁਖਦੇਵ ਸਿੰਘ ਅਤੇ ਪਿੰਡ ਦੀ ਪੰਚਾਇਤ ਨੇ ਚੇਅਰਮੈਨ ਜਵੰਧਾ ਦਾ ਪਿੰਡ ਪਹੁੰਚਣ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕੋਈ ਉੱਚ ਅਹੁਦੇਦਾਰ ਸਿੱਧਾ ਪਿੰਡ ਦੀ ਸੱਥ ਵਿੱਚ ਬੈਠ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਿੰਡ ਦੀ ਪੰਚਾਇਤ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਵਰਤ ਕੇ ਪਿੰਡ ਨੂੰ ਇੱਕ ਨਮੂਨੇ ਦਾ ਪਿੰਡ ਬਣਾਉਣ ਲਈ ਯਤਨਸ਼ੀਲ ਰਹੇਗੀ।ਇਸ ਮੌਕੇ ਮੌਜੂਦ ਰਹੇ ਸੁਖਦੇਵ ਸਿੰਘ, ਗੁਰਮੇਲ ਸਿੰਘ, ਦਰਸ਼ਨ ਸਿੰਘ, ਅਮਰਜੀਤ ਸਿੰਘ, ਮਹਿੰਦਰ ਸਿੰਘ, ਹਰਵਿੰਦਰ ਸਿੰਘ, ਚਮਕੌਰ ਸਿੰਘ, ਸਤਿਗੁਰ ਸਿੰਘ, ਮੱਖਣ ਸਿੰਘ, ਐਡਵੋਕੇਟ ਸੰਦੀਪ ਸਿੰਘ, ਓਮਕਾਰ ਸਿੰਘ ਮੈਂਬਰ, ਕਾਲਾ ਸਿੰਘ, ਤਰਨ ਸਿੰਘ ਅਤੇ ਜਸਵੰਤ ਸਿੰਘ।

ਜਮਹੂਰੀ ਅਧਿਕਾਰ ਸਭਾ ਨੇ ਆਰਮੀ ਸਕੂਲਾਂ ਵਿੱਚ ਸੰਸਕ੍ਰਿਤ ਲਾਜ਼ਮੀ ਪੜ੍ਹਾਉਣ ਦੇ ਫ਼ੈਸਲੇ ਨੂੰ ਧੱਕੇਸ਼ਾਹੀ ਗਰਦਾਨਿਆ

ਲੌਂਗੋਵਾਲ, 13 ਮਈ (ਭਗਵੰਤ ਸ਼ਰਮਾ): ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਸੰਗਰੂਰ ਦੇ ਪ੍ਰਧਾਨ ਜਗਜੀਤ ਭੁਟਾਲ ਜਰਨਲ ਸਕੱਤਰ ਕੁਲਦੀਪ ਸਿੰਘ , ਵਿੱਤ ਸਕੱਤਰ ਮਨਧੀਰ ਰਾਜੋਮਾਜਰਾ, ਸੂਬਾ ਆਗੂ ਵੈਸਾਖ ਸਿੰਘ, ਸਵਰਨਜੀਤ ਸਿੰਘ, ਬਸੈਸਰ ਰਾਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤੀ ਦੀ ਪੜ੍ਹਾਈ ਲਾਜ਼ਮੀ ਕਰਨ ਦੇ ਫੈਸਲੇ ਦਾ ਜਮਹੂਰੀ ਅਧਿਕਾਰ ਸਭਾ ਨੇ ਸਖਤ ਨੋਟਿਸ ਲੈਦਿਆਂ, ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਕਿਉਂਕਿ ਇਸ ਫੈਸਲੇ ਨੇ ਸਕੂਲਾਂ ਵਿੱਚ ਖੇਤਰੀ ਭਾਸ਼ਾ ਲਾਜ਼ਮੀ ਪੜ੍ਹਾਉਣ ਸਬੰਧੀ ਜਾਰੀ ਸਿਫਾਰਸ਼ਾਂ ਨੂੰ ਦਰਨਿਕਾਰ ਕਰਕੇ ਪੰਜਾਬੀ ਭਾਸ਼ਾ ਨੂੰ ਚੌਥੀ ਐਡੀਸ਼ਨਲ ਭਾਸ਼ਾ ਬਣਾ ਦਿੱਤਾ ਗਿਆ ਹੈ। ਫੈਸਲੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ 9ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਵਿਚ ਰਜਿਸਟ੍ਰੇਸ਼ਨ ਤਾਂ ਕਰਵਾ ਸਕਦੇ ਹਨ, ਪਰ ਸਕੂਲ ਉਨ੍ਹਾਂ ਲਈ ਕੋਈ ਅਧਿਆਪਕ ਮੁਹੱਈਆ ਨਹੀਂ ਕਰਵਾਏਗਾ। ਇਸ ਤੋਂ ਇਲਾਵਾ ਤਿੰਨ-ਤਿੰਨ ਕਾਨੂੰਨ ਹੋਣ ਦੇ ਬਾਵਜੂਦ, ਕਾਨਵੈਂਟ ਸਕੂਲਾਂ,ਆਰਮੀ ਸਕੂਲਾਂ ਅਤੇ ਪੰਜਾਬ ਯੂਨੀਵਰਸਿਟੀ ਵਿਚ ਮਾਂ ਬੋਲੀ ਪੰਜਾਬੀ ਦਾ ਘਾਣ ਕੀਤਾ ਜਾ ਰਿਹਾ ਹੈ । ਗੱਲ ਸਹੇ ਦੀ ਨਾ ਹੋ ਕੇ ਪਹੇ ਦੀ ਵੀ ਹੈ । ਦੁਨੀਆਂ ਦਾ ਹਰ ਭਾਸ਼ਾ ਵਿਗਿਆਨੀ ਕਹਿੰਦਾ ਹੈ ਕਿ ਜਿਸ ਧਰਤੀ ਦੀ ਜਿਹੜੀ ਭਾਸ਼ਾ ਹੁੰਦੀ ਹੈ, ਉਸ ਧਰਤੀ ਦੇ ਲੋਕ ਉਸੇ ਭਾਸ਼ਾ ਨੂੰ ਮਾਧਿਅਮ ਦੇ ਤੌਰ 'ਤੇ ਚੁਣਨ ਅਤੇ ਉਸੇ ਭਾਸ਼ਾ ਵਿਚ ਆਪਣੀ ਸਾਰੀ ਪੜ੍ਹਾਈ ਪੜ੍ਹਨ । ਪਰ ਹੁਕਮਰਾਨਾਂ ਨੂੰ ਇਹ ਰਾਸ ਨਹੀਂ ਆਉਂਦੀ। ਮਾਤਭਾਸ਼ਾ ਨੂੰ ਲੋਕਾਂ ਦੇ ਸਿੱਖਣ ਦੀ ਜ਼ਬਾਨ ਬਣਾ ਲਿਆ ਜਾਵੇ ਤਾਂ ਲੋਕ ਦੀਆਂ ਜੜ੍ਹਾਂ ਧਰਤੀ ਵਿਚ ਬਹੁਤ ਡੂੰਘੀਆਂ ਚਲੀਆਂ ਜਾਣਗੀਆਂ ਅਤੇ ਉਹਨਾਂ ਨੂੰ ਕੋਈ ਹਨੇਰੀ ਹਿਲਾ ਨਹੀਂ ਸਕਦੀ। ਪਰ ਸੱਤਾ ਨੇ ਉਪਰੀਆਂ ਜ਼ਬਾਨਾਂ ਥੋਪ ਕੇ ਇਕ ਅਜਿਹੀ ਹਾਈਬ੍ਰਿਡ ਨਸਲ ਪੈਦਾ ਕਰਨੀ ਹੁੰਦੀ ਹੈ, ਜਿਸ ਦੀ ਕਦੇ ਵੀ ਉਸ ਮਿੱਟੀ ਨਾਲ ਸਾਂਝ ਨਹੀਂ ਜੁੜਦੀ। ਇਹ ਹਾਈਬ੍ਰਿਡ ਨਸਲ ਉਸ ਧਰਤੀ ਲਈ ਨਾ ਕਦੇ ਲੜਦੀ ਹੈ ਅਤੇ ਨਾ ਹੀ ਉਸ ਧਰਤੀ ਪ੍ਰਤੀ ਉਹਨਾਂ ਦੇ ਮਨ ਵਿਚ ਕਦੇ ਹੇਜ ਪੈਦਾ ਹੁੰਦਾ ਹੈ । ਇੱਥੇ ਪਹਿਲਾਂ ਕਾਨਵੈਂਟ ਸਕੂਲਾਂ ਵਿਚ ਗ਼ੈਰ ਪੰਜਾਬੀ ਮਹੌਲ ਵਿਚ ਪੰਜਾਬੀ ਤੋਂ ਸੱਖਣੀ ਹਾਈਬ੍ਰਿਡ ਨਸਲ ਪੈਦਾ ਕੀਤੀ ਜਾਂਦੀ ਅਤੇ ਉਹਨਾਂ ਤੋਂ ਉਸ ਧਰਤੀ ਦੀ ਸ਼ਬਦਵਾਲੀ, ਵਿਰਾਸਤੀ ਅਤੇ ਸੱਭਿਆਚਾਰਕ ਸ਼ਬਦ, ਰਿਸ਼ਤੇ ਨਾਤਿਆਂ ਦੀ ਜ਼ਬਾਨ ਅਤੇ ਸਥਾਨਕ ਆਰਥਿਕਤਾ ਨਾਲ ਸਬੰਧਤ ਚੀਜ਼ਾਂ ਨੂੰ ਪੇਸ਼ ਕਰਨ ਵਾਲੀ ਭਾਸ਼ਾ ਖੋਹ ਲਈ ਜਾਂਦੀ ਹੈ। ਪੰਜਾਬ ਵਿਚ ਪਹਿਲਾਂ ਰਾਜ ਭਾਸ

ਪਟਿਆਲਾ-ਆਸ/ਪਾਸ

ਰਣਜੋਧ ਸਿੰਘ ਹਡਾਣਾ ਵੱਲੋਂ 22 ਲੱਖ ਦੀ ਲਾਗਤ ਨਾਲ ਬਣੀ ਸਕੂਲ ਦੀ ਸ਼ਾਨਦਾਰ ਬਿਲਡਿੰਗ ਲੋਕ ਅਰਪਣ

➢ਹਲਕੇ ਦੀ ਨੁਹਾਰ ਬਦਲਣਾ ਸਾਡਾ ਮੁੱਖ ਟੀਚਾ : ਹਲਕਾ ਇੰਚਾਰਜ

ਦੇਵੀਗੜ੍ਹ, 13 ਮਈ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਚਲਾਈ ਗਈ ਵਿਕਾਸ ਦੀ ਮੁਹਿੰਮ ਤਹਿਤ ਹਲਕਾ ਸਨੌਰ ਵਿੱਚ ਵਿਕਾਸ ਕਾਰਜ ਪੂਰੀ ਰਫ਼ਤਾਰ ਨਾਲ ਜਾਰੀ ਹਨ। ਇਸੇ ਲੜੀ ਅਧੀਨ ਹਲਕਾ ਇੰਚਾਰਜ ਅਤੇ ਸ. ਰਣਜੋਧ ਸਿੰਘ ਹਡਾਣਾ ਵੱਲੋਂ ਅੱਜ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੱਖਾਂ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ। ਰਣਜੋਧ ਸਿੰਘ ਹਡਾਣਾ ਨੇ ਪਿੰਡ ਚਿੜਵੀ ਵਿਖੇ ਕਰੀਬ 22 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਈ ਸਰਕਾਰੀ ਸਕੂਲ ਦੀ ਨਵੀਂ ਬਿਲਡਿੰਗ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਮਿਆਰੀ ਸਿੱਖਿਆ ਅਤੇ ਵਧੀਆ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਮਾਨ ਸਰਕਾਰ ਦੀ ਸਭ ਤੋਂ ਪਹਿਲੀ ਤਰਜੀਹ ਹੈ। ਇਸ ਤੋਂ ਬਾਅਦ ਉਨ੍ਹਾਂ ਪਿੰਡ ਤਾਜਲਪੁਰ ਵਿਖੇ ਪਹੁੰਚ ਕੇ ਕਰੀਬ 10 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਵਿੱਚ ਲਗਾਈਆਂ ਗਈਆਂ ਇੰਟਰਲੌਕ ਟਾਈਲਾਂ ਦੇ ਕੰਮ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਗਲੀਆਂ-ਨਾਲੀਆਂ ਨੂੰ ਪੱਕਾ ਕਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਪਿੰਡਾਂ ਦੇ ਸਰਪੰਚ, ਪੰਚ, ਅਹੁਦੇਦਾਰ ਅਤੇ ਭਾਰੀ ਗਿਣਤੀ ਵਿੱਚ ਪਾਰਟੀ ਵਲੰਟੀਅਰ ਹਾਜ਼ਰ ਸਨ, ਜਿਨ੍ਹਾਂ ਨੇ ਵਿਕਾਸ ਕਾਰਜਾਂ ਲਈ ਮੁੱਖ ਮੰਤਰੀ ਮਾਨ ਅਤੇ ਸ. ਹਡਾਣਾ ਦਾ ਧੰਨਵਾਦ ਕੀਤਾ।

152 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 13 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀਆਂ ਹੁਸੈਨ ਪੁੱਤਰ ਆਮੀਦ ਵਾਸੀ ਢੇਹਾ ਬਸਤੀ ਪਿਛੇ ਕੁਮਾਰ ਸਭਾ ਸਕੂਲ ਪਟਿਆਲਾ, ਰਣਜੀਤ ਪੁੱਤਰ ਵਿਜੇ ਕੁਮਾਰ ਵਾਸੀ ਭਗਤ ਸਿੰਘ ਕਲੋਨੀ ਥਾਣਾ ਅਨਾਜ ਮੰਡੀ, ਪ੍ਰਿੰਸਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਧਮੋਲੀ ਥਾਣਾ ਸਿਟੀ ਰਾਜਪੁਰਾ ਅਤੇ ਰਵੀ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਗੋਪਾਲਪੁਰ ਥਾਣਾ ਗੰਡਾ ਖੇੜੀ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਜਨਕ ਮਰਾਜ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਸੁਪਰ ਮਾਰਕਿਟ ਬਹਾਦਰਗੜ੍ਹ ਪਾਸ ਮੌਜੂਦ ਸੀ, ਜੋ ਉਕਤ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ ਦੋਸ਼ੀ ਕੋਲੋਂ 152 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ 'ਚ ਸੰਗਤਾਂ ਦੇ ਆ ਰਹੇ ਇਤਰਾਜ਼ਾਂ ਨੂੰ ਦੂਰ ਕਰੇ ਸਰਕਾਰ : ਭਾਈ ਪ੍ਰਨਾਮ ਸਿੰਘ

ਪਟਿਆਲਾ, 13 ਮਈ (ਰੁਪਾਣਾ/ਅਮਰਜੀਤ) : ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਦੇ ਸਬੰਧ ਵਿਚ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਮੈਨੇਜਰ ਭਾਗ ਸਿੰਘ ਦੀ ਯੋਗ ਅਗਵਾਈ ਵਿਚ ਇਕੱਤਰਤਾ ਕੀਤੀ ਅਤੇ ਸਰਕਾਰ ਵੱਲੋਂ ਲਿਆਂਦੇ ਕਾਨੂੰਨ ਸਬੰਧੀ ਦੀਰਘ ਵਿਚਾਰਾਂ ਕੀਤੀਆਂ ਗਈਆਂ। ਇਸ ਦੌਰਾਨ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026 ਪਾਸ ਕੀਤਾ ਗਿਆ, ਜਿਸ 'ਤੇ ਸੰਗਤਾਂ ਦੇ ਇਤਰਾਜ਼ ਅਤੇ ਭਰਮ ਭੁਲੇਖੇ ਪੈਦਾ ਹੋ ਰਹੇ ਹਨ, ਜੋ ਪੰਜਾਬ ਸਰਕਾਰ ਨੂੰ ਦੂਰ ਕਰਨੇ ਚਾਹੀਦੇ ਹਨ। ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਕਿਹਾ ਬੇਅਦਬੀਆਂ ਵਰਗੀਆਂ ਘਟਨਾਵਾਂ ਨੂੰ ਠੱਲਣ ਲਈ ਸਖਤ ਕਾਨੂੰਨ ਹੋਣਾ ਚਾਹੀਦਾ, ਪ੍ਰੰਤੂ ਸਰਕਾਰ ਵੱਲੋਂ ਬਣਾਇਆ ਗਿਆ ਕਾਨੂੰਨ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋੜਨ ਲਈ ਕਾਰਜਸ਼ੀਲ ਹੈ ਇਸ ਕਰਕੇ ਬੇਅਦਬੀ ਕਾਨੂੰਨ ਅੰਦਰ ਰੱਖੀਆਂ ਮਦਾਂ ਵਿਚ ਸੋਧ ਕਰਨਾ ਸਮੇਂ ਦੀ ਵੱਡੀ ਮੰਗ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਇਕੱਤਰਤਾ ਵਿਚ ਸਰਕਾਰ ਨੂੰ ਇਤਰਾਜ਼ ਦੂਰ ਕਰਨ ਲਈ ਆਖਿਆ ,ਕਿਉਂਕਿ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਵੱਲੋਂ ਵੱਡੇ ਤੌਖਲੇ ਪੈਦਾ ਹੋ ਰਹੇ ਹਨ, ਜਿਨ੍ਹਾਂ ਵੱਲੋਂ ਕੀਤੇ ਜਾ ਰਹੇ ਇਤਰਾਜ਼ਾਂ 'ਤੇ ਸੋਧ ਕੀਤੀ ਜਾਣੀ ਚਾਹੀਦੀ ਹੈ। ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਕਿਹਾ ਕਿ ਸਿੱਖ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹੋਏ ਸੋਧਾਂ ਕਰਨ ਨਾਲ ਹੀ ਕੌਮ ਦਾ ਭਲਾ ਹੋ ਸਕਦਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਦਰਜ ਬਾਣੀ ਮਨੁੱਖ ਨੂੰ ਸੁਚਿਆਰ ਬਣਾਉਣ ਦਾ ਕੰਮ ਕਰਦੀ ਹੈ। ਇਸ ਕਰਕੇ ਪੰਜਾਬ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦੱਸੇ ਜਾ ਰਹੇ ਇਤਰਾਜ਼ਾਂ ਨੂੰ ਦੂਰ ਕਰਨ ਦੇ ਨਾਲ ਨਾਲ ਦੱਸੀਆਂ ਮੱਦਾਂ 'ਤੇ ਕਾਰਜਸ਼ੀਲ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਭਾਗ ਸਿੰਘ, ਐਡੀਸ਼ਨਲ ਮੈਨੇਜਰ ਮਨਦੀਪ ਸਿੰਘ ਭਲਵਾਨ, ਮੀਤ ਮੈਨੇਜਰ ਮਨਜੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਵਰਿੰਦਰ ਸਿੰਘ, ਭਾਈ ਹਜ਼ੂਰ ਸਿੰਘ, ਭਾਈ ਰਜ਼ਨੀਸ਼ ਸਿੰਘ ਆਦਿ ਵੀ ਸ਼ਾਮਲ ਸਨ।

ਕੋਆਪ੍ਰੇਟਿਵ ਸੁਸਾਇਟੀ ਕੁਲਾਰਾਂ ਵਿਖੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ

➢ਹਰਸਤਿੰਦਰ ਸਿੰਘ ਪ੍ਰਧਾਨ ਬਣੇ

ਸਮਾਣਾ, 13 ਮਈ (ਸੁਖਜਿੰਦਰ ਸਿੰਘ ਕੁਲਾਰਾਂ) : ਕੋਆਪਰੇਟਿਵ ਸੋਸਾਇਟੀ ਪਿੰਡ ਕੁਲਾਰਾਂ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਬਲਾਕ ਪ੍ਰਧਾਨ ਡਾ. ਮੁਕੇਸ਼ ਕੁਮਾਰ ਸ਼ਰਮਾ, ਪਿੰਡ ਕੁਲਾਰਾਂ ਦੇ ਸਰਪੰਚ ਦਰਸ਼ਨਾਂ ਦੇਵੀ ਅਤੇ ਗੋਬਿੰਦ ਨਗਰ ਕੁਲਾਰਾਂ ਦੇ ਸਰਪੰਚ ਦਰਸ਼ਨ ਸਿੰਘ, ਹਰਸਤਿੰਦਰ ਸਿੰਘ ਬੰਟੀ ਕੁਲਾਰਾਂ ਨੇ ਪਹੁੰਚੀਆਂ ਹੋਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਡਾ. ਮੁਕੇਸ਼ ਕੁਮਾਰ ਸ਼ਰਮਾ ਨੇ ਆਖਿਆ ਮੈਂਬਰਾਂ ਦੀ ਸਰਬਸੰਮਤੀ ਨਾਲ ਪ੍ਰਧਾਨ, ਮੀਤ ਪ੍ਰਧਾਨ ਅਤੇ ਹੋਰ ਅਹੁਦੇਦਾਰ ਚੁਣੇ ਗਏ । ਉਹਨਾਂ ਕਿਹਾ ਕਿ ਚੁਣੇ ਗਏ ਸਾਰੇ ਅਹੁਦੇਦਾਰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣਗੇ ਅਤੇ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਸਮਾਗਮ ਦੌਰਾਨ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਹਰਸਤਿੰਦਰ ਸਿੰਘ ਪ੍ਰਧਾਨ, ਮੀਤ ਪ੍ਰਧਾਨ ਜਸਵਿੰਦਰ ਕੌਰ, ਸੀਨੀਅਰ ਮੀਤ ਪ੍ਰਧਾਨ ਗਿਆਨ ਸਿੰਘ, ਲਾਡੀ ਸਿੰਘ, ਅਵਤਾਰ ਸਿੰਘ, ਰਜਿੰਦਰ ਕੌਰ ਅਤੇ ਗੁਰਚਰਨ ਸਿੰਘ ਅਹੁਦੇਦਾਰ ਚੁਣੇ ਗਏ।

ਨਸ਼ੇ ਦਾ ਸੇਵਨ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 13 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪੁਲਿਸ ਨੇ ਕਥਿਤ ਦੋਸ਼ੀ ਵਿਕਾਸ ਪੁੱਤਰ ਧਰਮਪਾਲ ਵਾਸੀ ਬਾਬਾ ਸ੍ਰੀ ਚੰਦ ਕਲੋਨੀ ਐਸ.ਐਸ.ਟੀ ਨਗਰ ਰਾਜਪੁਰਾ ਚੁੰਗੀ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਮਲਕੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਅਨਾਜ ਮੰਡੀ ਸਰਹਿੰਦ ਰੋਡ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ। ਇਸੇ ਤਰ੍ਹਾਂ ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਦਵਿੰਦਰ ਸਿੰਘ ਵਾਸੀ ਪ੍ਰੇਮ ਨਗਰ ਬੋੜਾ ਗੇਟ ਨਾਭਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਰਿਪੁਨ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਕਿਲਾ ਨਾਭਾ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ।

ਸੌਰਭ ਜੈਨ ਅਗਰਵਾਲ ਸਮਾਜ ਸਭਾ ਦੇ ਪ੍ਰਧਾਨ ਬਣੇ

ਪਟਿਆਲਾ, 13 ਮਈ (ਚ.ਨ.ਸ) : ਪਟਿਆਲਾ ਸ਼ਹਿਰ ਦੇ ਉੱਘੇ ਸਮਾਜ ਸੇਵਕ ਸੌਰਭ ਜੈਨ ਨੂੰ ਅਗਰਵਾਲ ਸਮਾਜ ਸਭਾ ਰਜਿਸਟਰਡ ਪਟਿਆਲਾ ਦੀ ਜਨਰਲ ਬਾਡੀ ਮੀਟਿੰਗ ਵਿੱਚ ਅਗਲੇ ਦੋ ਸਾਲਾਂ (2026-2028) ਲਈ ਅਗਰਵਾਲ ਸਮਾਜ ਸਭਾ ਰਜਿਸਟਰਡ ਪਟਿਆਲਾ ਦਾ ਪ੍ਰਧਾਨ ਚੁਣਿਆ ਗਿਆ ਨਾਲ ਹੀ ਕੇ.ਕੇ. ਬਾਂਸਲ ਨੂੰ ਜਨਰਲ ਸਕੱਤਰ, ਐਸ.ਕੇ. ਗੋਇਲ ਨੂੰ ਖਜ਼ਾਨਚੀ, ਰਾਜੇਸ਼ ਸਿੰਗਲਾ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਸੁੰਦਰ ਲਾਲ ਸਿੰਗਲਾ, ਪਵਨ ਗੋਇਲ ਅਤੇ ਸੋਹਿੰਦਰ ਕਾਂਸਲ ਨੂੰ ਪੈਟਰਨ ਨਿਯੁਕਤ ਕੀਤਾ ਗਿਆ। ਮੁਕੇਸ਼ ਸਿੰਗਲਾ ਨੂੰ ਸੰਯੁਕਤ ਸਕੱਤਰ, ਵਿਨੋਦ ਗਰਗ ਅਤੇ ਹਰਮੇਸ਼ ਸਿੰਗਲਾ ਨੂੰ ਉਪ ਪ੍ਰਧਾਨ, ਮਹੇਸ਼ ਗਰਗ ਨੂੰ ਆਡੀਟਰ ਅਤੇ ਵਿੱਤੀ ਸਲਾਹਕਾਰ ਅਤੇ ਰਾਕੇਸ਼ ਜੈਨ ਨੂੰ ਪੀਆਰਓ ਨਿਯੁਕਤ ਕੀਤਾ ਗਿਆ, ਸੁਰੇਸ਼ ਗਰਗ ਨੂੰ ਸੀਨੀਅਰ ਸਲਾਹਕਾਰ, ਚਮਨ ਲਾਲ ਗਰਗ, ਧਰਿੰਦਰ ਮਿੱਤਲ, ਐਮਪੀ ਅਗਰਵਾਲ, ਧਰਮਪਾਲ ਗਰਗ, ਰਾਜੇਂਦਰ ਅਗਰਵਾਲ, ਧਰਮਪਾਲ ਗੋਇਲ, ਤਰਸੇਮ ਬਾਂਸਲ, ਐਚਸੀ ਬਾਂਸਲ, ਰਾਜੇਂਦਰ ਸਿੰਗਲਾ, ਰਾਜਕੁਮਾਰ ਤਾਇਲ ਅਤੇ ਮਮਤਾ ਜੈਨ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ।

ਵਿਦਿਆਰਥੀਆਂ ਨੂੰ ਹੋਮ ਨਰਸਿੰਗ ਫਸਟ ਏਡ ਦੀ ਜਾਣਕਾਰੀ ਦਿੱਤੀ

ਪਟਿਆਲਾ, 13 ਮਈ (ਚ.ਨ.ਸ) : ਵਿਸ਼ਵ ਨਰਸਿੰਗ ਦਿਵਸ ਮੌਕੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਈਨ ਪਟਿਆਲਾ ਵਿਖੇ ਵਿਦਿਆਰਥੀਆਂ ਨੂੰ ਫਲੋਰੈਂਸ ਨਾਈਟਿੰਗੇਲ, ਜੀਨ ਹੈਨਰੀ ਡਿਊਨਾ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਕਿਹਾ ਕਿ ਅਜ ਦੇ ਸਮੇਂ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਬੇਰੋਜ਼ਗਾਰਾਂ ਅਤੇ ਵਿਦੇਸ਼ਾਂ ਵਿੱਚ ਜਾ ਰਹੇ ਨੌਜਵਾਨਾਂ ਨੂੰ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਅਤੇ ਹੋਮ ਨਰਸਿੰਗ ਦੀ ਟ੍ਰੇਨਿੰਗਾਂ ਜ਼ਰੂਰ ਲੈਣੀਆਂ ਚਾਹੀਦੀਆਂ ਹਨ। ਕਾਕਾ ਰਾਮ ਵਰਮਾ ਨੇ ਕਿਹਾ ਕਿ ਘਰਾਂ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਦੀ ਸੇਵਾ ਸੰਭਾਲ ਕਰਕੇ ਜਿੱਥੇ ਹਰ ਮਹੀਨੇ ਹਜ਼ਾਰਾਂ ਰੁਪੈ ਬਚਾਏ ਜਾ ਸਕਦੇ ਹਨ, ਉਥੇ ਦੂਸਰਿਆਂ ਦੇ ਘਰਾਂ ਵਿੱਚ ਪੀੜਤਾਂ ਦੀ ਹੋਮ ਨਰਸਿੰਗ ਕਰਕੇ ਹਜ਼ਾਰਾਂ ਰੁਪੈ, ਦੁਆਵਾ, ਅਸ਼ੀਰਵਾਦ, ਧੰਨਵਾਦ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰਿੰਸੀਪਲ ਸ਼੍ਰੀਮਤੀ ਮਨਦੀਪ ਕੌਰ ਅੰਟਾਲ, ਸਟੇਟ ਐਵਾਰਡੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਕਰੀਆ ਲਈ ਧੱਕੇ ਖਾਣ ਦੀ ਥਾਂ ਨਰਸਿੰਗ ਜਾਂ ਹੋਮ ਨਰਸਿੰਗ ਕੋਰਸ ਕਰਕੇ ਸਨਮਾਨ ਨਾਲ ਧੰਨ ਦੌਲਤ ਸ਼ੋਹਰਤ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰੋਗਰਾਮ ਕੋਆਰਡੀਨੇਟਰ ਸ਼੍ਰੀਮਤੀ ਸੁਸ਼ਮਾ ਲੈਕਚਰਾਰ ਨੇ ਕਿਹਾ ਕਿ ਇਸ ਮੌਕੇ ਬੱਚਿਆਂ ਦੇ ਭਾਸ਼ਣ ਅਤੇ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਅਤੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ।

ਆਦਰਸ਼ ਕਾਲਜ ਆਫ ਨਰਸਿੰਗ 'ਚ ਨਰਸਿਜ਼ ਦਿਵਸ ਮਨਾਇਆ

ਨਰਸਾਂ ਸਿਹਤ ਸੇਵਾ ਖੇਤਰ ਦੀ ਰੀੜ੍ਹ ਦੀ ਹੱਡੀ : ਸਿੰਗਲਾ

ਸਮਾਣਾ, 13 ਮਈ (ਵਿਜੇ ਕੁਮਾਰ) ਆਦਰਸ਼ ਕਾਲਜ ਆਫ ਨਰਸਿੰਗ 'ਚ ਅੰਤਰਰਾਸ਼ਟਰੀ ਨਰਸ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਦਿਵਸ ਹਰ ਸਾਲ ਦੁਨੀਆ ਭਰ ਦੀਆਂ ਨਰਸਾਂ ਦੀ ਸਮਰਪਣ ਭਾਵਨਾ, ਦਇਆ ਅਤੇ ਸੇਵਾਵਾਂ ਨੂੰ ਸਨਮਾਨਿਤ ਕਰਨ ਲਈ ਮਨਾਇਆ ਜਾਂਦਾ ਹੈ। ਸਾਲ 2026 ਦੀ ਥੀਮ 'ਸਾਡੀਆਂ ਨਰਸਾਂ ਸਾਡਾ ਭਵਿੱਖ' ਨੇ ਵਿਸ਼ਵ ਪੱਧਰੀ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਵਿੱਚ ਨਰਸਾਂ ਦੀ ਅਹਿਮ ਭੂਮਿਕਾ ਨੂੰ ਉਜਾਗਰ ਕੀਤਾ। ਸਮਾਰੋਹ ਦੀ ਸ਼ੁਰੂਆਤ ਜੋਤੀ ਪ੍ਰਚੰਡ ਕਰਕੇ ਕੀਤੀ, ਜਿਸ ਵਿੱਚ ਵਿਸ਼ੇਸ਼ ਮਹਿਮਾਨਾਂ ਅਤੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਸੰਦੀਪ ਸਿੰਗਲਾ (ਲੋਕ ਸਭਾ ਪਟਿਆਲਾ ਦੇ ਪ੍ਰਵਕਤਾ, ਭਾਰਤ ਜੋੜੋ ਯੋਜਨਾ ਅਧੀਨ ਕਾਰਜਰਤ) ਆਪਣੀ ਪਤਨੀ ਜੋਤੀ ਸਿੰਗਲਾ ਸਮੇਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਕਾਲਜ ਦੇ ਚੇਅਰਮੈਨ ਡਾ. ਕੇ. ਕੇ. ਜੌਹਰੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਨਰਸਿੰਗ ਵਿੱਚ ਦਇਆ ਭਾਵ, ਪੇਸ਼ੇ

ਪਟਿਆਲਾ-ਆਸ/ਪਾਸ

ਮਾਨ ਸਰਕਾਰ ਨੇ ਸਾਰੇ ਚੋਣ ਵਾਅਦੇ ਪੂਰੇ ਕੀਤੇ: ਡਾ. ਬਲਬੀਰ ਸਿੰਘ

ਸਿਹਤ ਮੰਤਰੀ ਵੱਲੋਂ ਨਗਰ ਨਿਗਮ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ

ਪਟਿਆਲਾ, 13 ਮਈ (ਰੁਪਾਣਾ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਨਗਰ ਨਿਗਮ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਪ੍ਰੋਜੈਕਟ ਸਮੇਂ ਸਿਰ ਪੂਰਾ ਕਰਨੇ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਵਿਖੇ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕਾਰਜ ਉਲੀਕਣ ਲਈ ਸਮੂਹ ਕੌਂਸਲਰਾਂ ਨੂੰ ਵਿਸ਼ਵਾਸ ਵਿੱਚ ਲੈਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ

ਸੜਕ ਨਿਰਮਾਣ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਵਿਸ਼ੇਸ਼ ਤੌਰ 'ਤੇ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਕੰਮ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਮਾਨਸੂਨ ਸੀਜ਼ਨ ਤੋਂ ਪਹਿਲਾਂ ਪਾਣੀ ਸਪਲਾਈ ਪਾਈਪਲਾਈਨਾਂ ਦਾ ਵਿਆਪਕ ਸਰਵੇਖਣ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਕਿਸੇ ਵੀ ਲੀਕੇਜ ਜਾਂ ਨੁਕਸਾਨ ਦੀ ਪਛਾਣ ਕਰਕੇ ਇਸ ਦੀ ਮੁਰੰਮਤ ਕੀਤੀ ਜਾ ਸਕੇ। ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਕੋਲ ਸੀਵਰ ਸਫ਼ਾਈ ਵਾਲੀ ਆਪਣੀ ਇੱਕ ਮਸ਼ੀਨ ਹੈ ਜਦੋਂਕਿ ਚਾਰ ਵਾਧੂ ਮਸ਼ੀਨਾਂ ਕਿਰਾਏ 'ਤੇ ਲੈਕੇ ਬਾਰਸ਼ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਰ ਭਰ ਵਿੱਚ ਗਾਰ ਕੱਢਣ ਦਾ ਕੰਮ ਪੂਰਾ ਕੀਤਾ ਜਾਵੇਗਾ। ਡਾ. ਬਲਬੀਰ ਸਿੰਘ ਨੇ ਨਹਿਰੀ ਪਾਣੀ ਸਪਲਾਈ, ਪਾਰਕਾਂ, ਸਟਰੀਟ ਲਾਈਟਾਂ, ਸੜਕਾਂ ਅਤੇ ਗਲੀਆਂ ਨਾਲ ਸਬੰਧਤ ਕੰਮਾਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਸੰਯੁਕਤ ਕਮਿਸ਼ਨਰ ਮਨਦੀਪ ਰਾਣਾ, ਜਸਬੀਰ ਗਾਂਧੀ, ਕੌਂਸਲਰ ਅਤੇ ਹੋਰ ਸਬੰਧਤ ਅਧਿਕਾਰੀ ਵੀ ਮੌਜੂਦ ਸਨ।

ਅਜੀਤਪਾਲ ਸਿੰਘ ਕੋਹਲੀ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਰਵਾਨਾ

ਪਟਿਆਲਾ, 13 ਮਈ (ਰੁਪਾਣਾ) : ਅਜੀਤਪਾਲ ਸਿੰਘ ਕੋਹਲੀ ਨੇ ਪੰਜਾਬ ਸਰਕਾਰ ਦੀ ਲੋਕ ਭਲਾਈ ਯੋਜਨਾ ਮੁੱਖ

ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਪਟਿਆਲਾ ਦੇ ਤੋਪ ਖਾਨਾ ਮੋੜ ਅਤੇ ਸੁੱਲਰ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਰਹੇ। ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਬਜ਼ੁਰਗਾਂ ਅਤੇ ਸ਼ਰਧਾਲੂਆਂ ਲਈ ਇੱਕ ਵੱਡਾ ਉਪਰਾਲਾ ਹੈ, ਜਿਸ ਦੇ ਤਹਿਤ ਲੋਕਾਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਮੌਕੇ ਵਾਰਡ ਨੰਬਰ 45 ਤੋਂ ਮੀਨਾ ਦੇਵੀ, ਵਾਰਡ ਨੰਬਰ 37 ਤੋਂ ਗੀਨੂ ਬਾਲਾ ਸੁੱਲਰ, ਰਿੱਕੀ ਸੁੱਲਰ, ਅਮਿਤ ਡਾਬੀ ਅਤੇ ਹਰਵਿੰਦਰ ਪਾਲ ਸਿੰਘ ਵਿੰਟੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਵਿਧਾਇਕ ਨੇ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਸੁਖਦ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ।

ਦਰਾਜ 'ਚੋਂ 40 ਹਜ਼ਾਰ ਕੈਸ਼ ਤੇ ਦੋ ਮੋਬਾਇਲ ਚੋਰੀ

ਪਟਿਆਲਾ, 13 ਮਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪੁਲਿਸ ਕੋਲ ਰੋਹਿਤ ਮੰਗਲਾ ਪੁੱਤਰ ਕੇਸ਼ ਕੁਮਾਰ ਵਾਸੀ ਮਜੀਠੀਆ ਇਨਕਲੇਵ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਮੰਗਲਾ ਸਪੋਰਟਸ ਦੇ ਨਾਮ 'ਤੇ 22 ਨੰਬਰ ਫਾਟਕ ਪਾਸ ਦੁਕਾਨ ਹੈ। ਰੋਜਾਨਾਂ ਦੀ ਤਰ੍ਹਾ ਸ਼ਾਮ ਨੂੰ ਉਹ ਆਪਣੀ ਦੁਕਾਨ ਨੂੰ ਤਾਲਾ ਲਗਾ ਕੇ ਬੰਦ ਕਰਕੇ ਆਪਣੇ ਘਰ ਚਲਾ ਗਿਆ, ਸਵੇਰੇ ਆ ਕੇ ਦੇਖਿਆ ਤਾਂ ਕਿਸੀ ਅਣਪਛਾਤੇ ਵਿਅਕਤੀਆਂ ਵੱਲੋਂ ਕੈਸ਼ ਕਾਊਂਟਰ ਦੇ ਦਰਾਜ ਤੋੜ ਕੇ 40,000 ਰੁਪਏ ਕੈਸ਼ ਅਤੇ ਦਰਾਜ ਵਿੱਚ ਪਏ 2 ਮੋਬਾਇਲ ਫੋਨ ਸਮੇਤ ਸਿਮ ਚੋਰੀ ਕਰਕੇ ਲੈ ਗਏ। ਪੁਲਿਸ ਨੇ ਧਾਰਾ 331(4),305 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਸਾਧੂ ਸਿੰਘ ਧਰਮਸੋਤ ਵੱਲੋਂ ਵਾਰਡ ਨੰਬਰ 7 ਤੋਂ ਉਮੀਦਵਾਰ ਸੋਨੀਆ ਪਹੂਜਾ ਦੇ ਦਫ਼ਤਰ ਦਾ ਉਦਘਾਟਨ

ਨਾਭਾ, 13 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਵਾਰਡ ਨੰਬਰ 7 ਤੋਂ ਕਾਂਗਰਸੀ ਉਮੀਦਵਾਰ ਮਾਨਟੂ ਪਹੂਜਾ ਦੀ ਪਤਨੀ ਸੋਨੀਆ ਪਹੂਜਾ ਦੇ ਦਫ਼ਤਰ ਦਾ ਉਦਘਾਟਨ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕੀਤਾ।

ਇਸ ਤੋਂ ਪਹਿਲਾਂ ਸ੍ਰੀ ਰਾਮਾਇਣ ਜੀ ਦਾ ਪਾਠ ਕੀਤਾ ਗਿਆ ਇਸ ਮੌਕੇ ਸੋਨੀਆ ਪਹੂਜਾ ਅਤੇ ਮਾਨਟੂ ਪਹੂਜਾ ਨੇ ਸਾਬਕਾ ਕੈਬਨਿਟ ਮੰਤਰੀ ਨੂੰ ਜੀ ਆਇਆਂ ਕਹਿੰਦਿਆਂ ਸਨਮਾਨਿਤ ਕੀਤਾ। ਧਰਮਸੋਤ ਨੇ ਨਾਭਾ ਦੇ ਲੋਕਾਂ ਨੂੰ ਇਸ ਵਾਰ ਵਿਕਾਸ ਦੇ ਨਾਮ 'ਤੇ ਵੋਟ ਦੇਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਟੂ ਪਾਹੂਜਾ, ਸੋਨੀਆ ਪਾਹੂਜਾ, ਹਰੀ ਸੇਠ,ਚੰਚਲ ਗੌਰਾ, ਵਿਵੇਕ ਸਿੰਗਲਾ ਬਲਾਕ ਪ੍ਰਧਾਨ,ਚਰਨਜੀਤ ਬਾਤਿਸ ਪੀਏ,ਗੁਰਬਖਸ਼ੀਸ਼ ਸਿੰਘ ਭੱਟੀ ਸਾਬਕਾ ਪ੍ਰਧਾਨ, ਗੁਰਦਿੱਤ ਸੇਠ ਤੋਂ ਇਲਾਵਾ ਨੌਜਵਾਨ ਆਗੂ ਚਿਰਾਗ, ਦੀਪੂ ਐਸੀ, ਪ੍ਰੀਤ, ਨੰਨੂ, ਪ੍ਰਦੀਪ ਮੋਗੀਆ, ਰਿੰਕੂ ਪਾਹੂਜਾ, ਕਾਲੂ ਰਾਮ ਖੱਟਰ, ਰਜਿੰਦਰ ਕੁਮਾਰ, ਕਿਰਸ਼ਨ ਕੁਮਾਰ, ਬਲਵੰਤ ਸਿੰਘ, ਛੱਤਰਪਾਲ ਪਾਹੂਜਾ, ਚੌਧਰੀ, ਅਸ਼ੋਕ ਕੁਮਾਰ, ਰਾਜਿੰਦਰ ਭੋਲੀ, ਸੁਮੀਤ ਪਾਹੂਜਾ, ਪੁਨੀਤ ਪਾਹੂਜਾ, ਪਿਪਲੀਮਨੋਜ ਕੁਮਾਰ ਮੋਜੀ, ਹੰਸਰਾਜ, ਅਮਰ ਗੋਗੀ,ਬਲਵੀਰ ਸਿੰਘ, ਗਾਂਧੀ ਆਦਿ ਵਾਰਡ ਨਿਵਾਸੀ ਹਾਜ਼ਰ ਸਨ।

ਦੁਸ਼ਕਰਮ ਅਤੇ ਪੋਕਸੋ ਦੇ ਕੇਸ 'ਚੋਂ ਅਨਮੋਲਪ੍ਰੀਤ ਸਿੰਘ ਦੀ ਜ਼ਮਾਨਤ ਮਨਜ਼ੂਰ

ਪਟਿਆਲਾ, 13 ਮਈ (ਗੁਰਦੀਪ ਢਿੱਲੋਂ.) : ਵਰਨਣਯੋਗ ਇਹ ਹੈ ਕਿ ਇੱਕ ਮੁਕੱਦਮਾ ਨੰਬਰ 203 ਥਾਣਾ ਸਦਰ ਪਟਿਆਲਾ ਦੀ ਪੁਲਿਸ ਨੇ ਅਨਮੋਲਪ੍ਰੀਤ ਸਿੰਘ ਉਰਫ ਗੋਪੀ ਉਪਰ ਦਰਜ ਕਰਕੇ ਅਤੇ ਉਕਤ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ, ਜਿਸ ਤੋਂ ਬਾਅਦ ਪਟਿਆਲਾ ਕੋਰਟ ਦੇ ਸੀਨੀਅਰ ਐਡਵੋਕੇਟ ਹਰਜੀਤ ਸ਼ਰਮਾ ਅਤੇ ਐਡਵੋਕੇਟ ਦੀਪਇੰਦਰ ਸਿੰਘ ਰਾਜਪੂਤ ਨੇ ਆਪਣੇ ਕਲਾਇੰਟ ਅਨਮੋਲਪ੍ਰੀਤ ਸਿੰਘ ਉਰਫ ਗੋਪੀ ਦੀ ਜ਼ਮਾਨਤ ਦੀ ਅਰਜ਼ੀ ਮਾਨਯੋਗ ਅਦਾਲਤ ਵਿਖੇ ਲਗਾਈ , ਜਿਸ ਤੋਂ ਬਾਅਦ ਜਦੋਂ ਮਾਮਲਾ ਮਾਨਯੋਗ ਅਦਾਲਤ ਵਿਚ ਪਹੁੰਚਿਆ ਤਾਂ ਐਡਵੋਕੇਟ ਹਰਜੀਤ ਸ਼ਰਮਾ ਅਤੇ ਐਡਵੋਕੇਟ ਦੀਪਇੰਦਰ ਸਿੰਘ ਰਾਜਪੂਤ ਨੇ ਆਪਣੇ ਕਲਾਇੰਟ ਦਾ ਪੱਖ ਬੜੀ ਮਜ਼ਬੂਤੀ ਨਾਲ ਰੱਖਿਆ। ਇਸ ਤੋਂ ਬਾਅਦ ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਨਯੋਗ ਅਦਾਲਤ ਨੇ ਉਕਤ ਮੁਲਜ਼ਮ ਅਨਮੋਲਪ੍ਰੀਤ ਸਿੰਘ ਉਰਫ ਗੋਪੀ ਦੀ ਜ਼ਮਾਨਤ ਦੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਦੋਵਾਂ ਸੀਨੀਅਰ ਐਡਵੋਕੇਟਸ ਨੂੰ ਫੌਜਦਾਰੀ, ਦੀਵਾਨੀ ਅਤੇ ਅਪਰਾਧਿਕ ਕੇਸਾਂ ਨੂੰ ਹੱਲ ਕਰਨ ਦੀ ਖਾਸ ਮੁਹਾਰਤ ਹਾਸਲ ਹੈ। ਇਸੇ ਕਰਕੇ ਅਦਾਲਤ ਦਾ ਫੈਸਲਾ ਹਮੇਸ਼ਾ ਉਨ੍ਹਾਂ ਦੇ ਕਲਾਇੰਟ ਨੂੰ ਰਾਹਤ ਦੇਣ ਵਾਲਾ ਹੁੰਦਾ ਹੈ।

ਜਨਹਿੱਤ ਸੰਮਤੀ ਨੇ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਏ

ਪਟਿਆਲਾ, 13 ਮਈ (ਅਮਰਜੀਤ) : ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ, ਗੁਰਮੱਤ ਇਨਕਲੇਵ ਵਿਖੇ 25 ਦੇ ਕਰੀਬ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਸੰਸਥਾ ਜਨਹਿੱਤ ਸੰਮਤੀ ਵੱਲੋਂ 10000 ਦੀ ਕੰਡੇ ਵਾਲੀ ਤਾਰ ਪਿਲਰ ਤੇ ਲਗਾਉਣ ਲਈ, 2 ਟ੍ਰੀ-ਗਾਰਡ, 1 ਡਸਟਬਿਨ ਦਿੱਤਾ ਗਿਆ। ਮਨਜੀਤ ਸਿੰਘ ਭੁੱਲਰ ਨੇ ਬੋਲਦਿਆਂ ਕਿਹਾ ਕਿ ਸੰਸਥਾ ਜਨਹਿੱਤ ਸਮਿਤੀ ਦਾ ਕਾਰਜ ਸ਼ਲਾਘਾ ਯੋਗ ਹੈ । ਮਨਜੀਤ ਸਿੰਘ

ਭੁੱਲਰ ਨੇ ਕਿਹਾ ਕਿ ਜੋ ਅੱਜ ਛਾਂਦਾਰ ਫੁੱਲਾਂ ਦੇ ਬੂਟੇ ਲਗਾਏ ਗਏ ਹਨ ਇਸ ਨਾਲ ਗੁਰਮੱਤ ਇਨਕਲੇਵ ਦੀ ਦਿੱਖ ਹੋਰ ਸੋਹਣੀ ਹੋਵੇਗੀ । ਇਸ ਮੌਕੇ ਸੰਸਥਾ ਦੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਸੰਸਥਾ ਵਲੋਂ ਹਰੇਕ ਸਾਲ 1000 ਦੇ ਰੁੱਖ ਲਗਾ ਕੇ ਪਾਲੇ ਜਾਂਦੇ ਹਨ। ਉਹਨਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਸਾਨੂੰ ਰੁੱਖ ਲਗਾ ਕੇ ਸੰਭਾਲਣਾ ਚਾਹੀਦਾ ਹੈ । ਇਸ ਮੌਕੇ ਵਿਸ਼ੇਸ ਤੌਰ ਪਹੁੰਚਿਆ ਸ਼ਖਸੀਅਤਾਂ ਵਿਚ ਮਨਜੀਤ ਸਿੰਘ ਭੁੱਲਰ, ਕੁਲਦੀਪ ਸਿੰਘ, ਅਵਤਾਰ ਸਿੰਘ, ਬਲਦੇਵ ਸਿੰਘ, ਸੁਰਿੰਦਰ ਕੁਮਾਰ, ਮਨਜੀਤ (ਮੋਨਿ), ਗੁਰਮੀਤ ਸਿੰਘ, ਅਸ਼ੋਕ ਕੁਮਾਰ, ਅਨਿਲ ਭਾਰਤੀ, ਭੁਪਿੰਦਰ ਸਿੰਘ ਭੂਪੀ, ਅਜਾਇਬ ਸਿੰਘ, ਰਵੀ ਸ਼ਰਮਾ, ਪਵਨ ਸਹੋਤਾ, ਪਵਨ ਸ਼ਰਮਾ, ਮਹਿੰਦਰ ਸਿੰਘ, ਸਤੀਸ਼ ਜੋਸ਼ੀ, ਗੁਰਨਦੀਪ ਸਿੰਘ ਸ਼ਾਮਿਲ ਹੋਏ।

ਪ੍ਰਥਮ ਸ਼ਰਮਾ ਦਾ ਪੜ੍ਹਾਈ ਤੇ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

ਪਟਿਆਲਾ, 13 ਮਈ (ਚ.ਨ.ਸ) : ਪ੍ਰਥਮ ਸ਼ਰਮਾ ਨੇ ਪੜ੍ਹਾਈ ਅਤੇ ਖੇਡਾਂ ਦੋਵੇਂ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਪਰਿਵਾਰ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਥਮ ਸ਼ਰਮਾ ਨੇ ਬਾਰਵੀਂ ਜਮਾਤ ਦੀ ਪ੍ਰੀਖਿਆ ਵਿੱਚ 92 ਫੀਸਦੀ ਅੰਕ ਹਾਸਿਲ ਕੀਤੇ ਹਨ। ਇਸਦੇ ਨਾਲ ਹੀ ਉਸਨੇ ਸ਼ੂਟਿੰਗ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਕੇ ਵੱਡੀ ਉਪਲੱਬਧੀ ਆਪਣੇ ਨਾਮ ਕੀਤੀ ਹੈ। ਪ੍ਰਥਮ ਦੀ ਇਸ ਕਾਮਯਾਬੀ ਨਾਲ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਹੈ। ਸ਼ੂਟਿੰਗ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਣ ਤੋਂ ਬਾਅਦ ਪ੍ਰਥਮ ਨੇ ਕਿਹਾ ਕਿ ਉਸਦਾ ਸੁਪਨਾ ਦੇਸ਼ ਲਈ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣਾ ਹੈ। ਉਸਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਮਾਪਿਆਂ, ਕੋਚ ਅਤੇ ਅਧਿਆਪਕਾਂ ਨੂੰ ਦਿੱਤਾ। ਇਲਾਕੇ ਦੇ ਲੋਕਾਂ ਨੇ ਵੀ ਪ੍ਰਥਮ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਨੌਜਵਾਨਾਂ ਨੂੰ ਉਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਉੱਚ ਮੁਕਾਮ ਹਾਸਿਲ ਕਰਨਾ ਪ੍ਰਥਮ ਦੀ ਵੱਡੀ ਉਪਲੱਬਧੀ ਮੰਨੀ ਜਾ ਰਹੀ ਹੈ।

ਬੁੱਢਾ ਦਲ ਪਬਲਿਕ ਸਕੂਲ ਦਾ ਬਾਰਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਪਟਿਆਲਾ, 13 ਮਈ (ਰੁਪਾਣਾ) : ਸ਼ੈਸ਼ਨ (2025-26) ਬਾਰਵੀਂ ਜਮਾਤ ਦੇ ਨਤੀਜਿਆਂ ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਕਿ ਬੁੱਢਾ ਦਲ ਪਬਲਿਕ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਬਹੁਤ ਉੱਚਾ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਦੇ ਬਾਰਵੀਂ ਦੇ ਨਤੀਜੇ ਹਨ। ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਮਾਰਗ ਦਰਸ਼ਨ ਸਦਕਾ ਬੱਚਿਆਂ ਦੇ ਨਤੀਜੇ ਬਹੁਤ ਸ਼ਾਨਦਾਰ ਰਹੇ। ਕੁੱਲ 297 ਵਿਦਿਆਰਥੀਆਂ ਵਿੱਚੋਂ 21 ਵਿਦਿਆਰਥੀਆਂ ਨੇ 95% ਤੋਂ ਉੱਪਰ,

55 ਵਿਦਿਆਰਥੀਆਂ ਨੇ 90% ਤੋਂ ਉੱਪਰ, ਅਤੇ 138 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਕਮਰਸ ਵਰਗ ਦੀ ਵਿਦਿਆਰਥਣ ਯਾਨਾਦੀਪ ਕੌਰ ਨੇ 99% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।ਸਕੂਲ ਦੇ ਮੁੱਖ ਸਰਪ੍ਰਸਤ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਬੀਰ ਸਿੰਘ (ਅਕਾਲੀ) 96 ਕਰੋੜੀ, ਸਕੂਲ ਪ੍ਰਧਾਨ ਸ੍ਰੀਮਤੀ ਸੁਖਵਿੰਦਰਜੀਤ ਕੌਰ, ਪ੍ਰਬੰਧਕੀ ਅਫਸਰ ਸ੍ਰੀਮਤੀ ਪਰਮਿੰਦਰਜੀਤ ਕੌਰ ਬਰਾੜ ਅਤੇ ਸਕੂਲ ਦੇ ਨਿਰਦੇਸ਼ਕ ਤੇ ਸਲਾਹਕਾਰ ਐਡਵੋਕੇਟ ਸਰਦਾਰ ਕਰਨ ਰਾਜਬੀਰ ਸਿੰਘ ਨੇ ਸ਼ਾਨਦਾਰ ਨਤੀਜਿਆਂ ਲਈ ਬੱਚਿਆਂ ਅਤੇ ਅਧਿਆਪਕਾਂ ਦੀ ਪ੍ਰਸੰਸਾ ਕਰਦੇ ਹੋਏ ਉਹਨਾਂ ਦਾ ਹੌਸਲਾ ਵਧਾਇਆ। ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

ਸਕਾਲਰ ਫੀਲਡਜ਼ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ

ਪਟਿਆਲਾ, 13 ਮਈ (ਰੁਪਾਣਾ) : ਸਕਾਲਰ ਫੀਲਡਜ਼ ਪਬਲਿਕ ਸਕੂਲ ਪਟਿਆਲਾ ਦੀ ਜਮਾਤ ਬਾਰ੍ਹਵੀਂ ਦਾ ਨਤੀਜਾ ਇਸ ਸਾਲ ਬਹੁਤ ਹੀ ਸ਼ਾਨਦਾਰ ਰਿਹਾ। ਅੱਜ ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਉੱਚ ਪ੍ਰਾਪਤੀਆਂ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼